

**SKY TRANSPORT SOLUTIONS**

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

**PHONE: 209-855-6938**



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 47
March 4, 2020



Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



**Golden State Truck Sales Inc.**

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



**Call : Dharminder Singh**
**Cell : 530-870-6600**
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## "Ambedkar Times" & "Desh Doaba" fondly remember Mr C. L. Chumber on his 63rd Birthday



Ambedkar Times & Desh Doaba weekly newspapers fondly remember Mr C. L. Chumber on his 63rd Birthday. His contribution towards the legacy of the Ad Dharm movement in the form of his well-documented writings is praise worthy. He published a souvenir on the Ad Dharm and the role of Babu Mangu Ram Mugowalia Ji in the awakening of Dalit consciousness in pre-partition Punjab. The right tribute to Mr C. L. Chumber Sahib will be to reproduce his writings in a series of columns in Ambedkar Times and Desh Doaba weekly newspapers. So on his 63rd Birthday, we are going to reproduce from this week in "Desh Doaba" weekly newspaper. -

Prem K. Chumber

# ਸ੍ਰੀ ਗੁਰੁ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਅਤੇ 20ਵਾਂ ਨਗਰ ਕੀਰਤਨ 8 ਮਾਰਚ ਨੂੰ ਮਨਾਇਆ ਜਾਵੇਗਾ




ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ

**ਸੈਕਰਾਮੈਂਟੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ 6, 7, 8 ਮਾਰਚ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਅਤੇ 20ਵਾਂ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਵੇਗਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦਿਹਾੜਿਆਂ ਮੌਕੇ ਗੁਰੂ ਘਰ ਹਾਜ਼ਰੀ ਲਗਵਾ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਅਦਾਰਾ 'ਦੇਸ਼ ਦੁਆਬਾ' ਅਤੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਸਮੂਹ ਚੁੰਬਰ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦੀ ਕਮੇਟੀ ਅਤੇ ਸਮੂਹ ਸੰਗਤ ਨੂੰ ਗੁਰਪੁਰਬ ਅਤੇ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ।

# ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਫਰਿਜ਼ਨੋ ਇਲਾਕੇ ਦੀਆਂ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ





**ਫਰਿਜ਼ਨੋ (ਕੈਲੇਫੋਰਨੀਆ)–** ਬੀਤੇ ਐਤਵਾਰ ਕ੍ਰਾਂਤੀਕਾਰੀ ਰਹਿਬਰ, ਸਰਵ ਸ਼ਕਤੀਮਾਨ, ਸਰਵਵਿਆਪਕ, ਸਾਂਝੀਵਾਲਤਾ ਦੇ ਪ੍ਰਤੀਕ, ਸੱਚ ਦਾ ਸੂਰਜ, ਗਰੀਬਾਂ ਮਜ਼ਲੂਮਾਂ ਦੇ ਮਸੀਹਾ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਫਰਿਜ਼ਨੋ ਇਲਾਕੇ ਦੀਆਂ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਭਾਰੀ ਦੀਵਾਨ ਸਜਾਇਆ ਗਿਆ। ਗਿਆਨੀ ਹਰਭਜਨ ਸਿੰਘ ਕ੍ਰਦਰਜ਼ ਵਾਲੇ, ਭਾਈ ਰਾਮ ਸਿੰਘ, ਭਾਈ ਹਰਬਿਲਾਸ ਸਿੰਘ, ਭਾਈ ਅਮਨਜੋਤ ਸਿੰਘ ਅਤੇ ਭਾਈ ਇੰਦਰਜੀਤ ਸਿੰਘ ਨੇ ਗੁਰੂ ਜੀ ਦੀ ਇਲਾਹੀ ਬਾਣੀ ਦਾ ਗੁਣਗਾਣ ਕੀਤਾ। ਇੰਡੀਆ ਤੋਂ ਉਚੇਚੇ ਤੌਰ 'ਤੇ ਪਹੁੰਚੇ ਡੇਰਾ ਚਹੇੜੂ ਦੇ ਸੰਤ ਸ੍ਰੀ ਕਿਸ਼ਨ ਨਾਥ ਇਸ ਸਮਾਗਮ ਦੇ ਮੁੱਖ ਮਹਿਮਾਨ ਬਣੇ। ਸੰਤ ਕ੍ਰਿਸ਼ਨ ਨਾਥ ਜੀ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਤਕਰੀਬਨ ਇਕ ਘੰਟੇ ਲਈ ਸੰਗਤਾਂ ਨੂੰ ਗੁਰੂ ਜੀ ਦੀ ਇਲਾਹੀ ਬਾਣੀ ਨਾਲ ਸੰਗਤ


**(ਬਾਕੀ ਸਫਾ 12 'ਤੇ ਅਤੇ ਤਸਵੀਰਾਂ ਸਫਾ 17, 18, 19 'ਤੇ)**



**Indian Grill**
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM



**GINNY WALIA**
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

**BAGGA JEWELERS**
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823



RAMESH SUMAN
Broker Realtor
RCS-D ™
**MAJESTIC HOMES**
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

**SAROAY INVESTMENT REALTY**



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

**Amrik Chand (CPA)**
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for Professional & reliable services at reasonable rates.
959 Corporate Way, Fremont, CA. 94539





ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ



ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ, 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।


Dr.Ravi Paul, Asha Paul, Dr.Veena Paul, Vijay Paul, Sh.K.C.Sukekh, Shashi Paul, R.P.S. Pawar I.A.S.,Pamila Pawar,Mrs.& Mr. Vijay Sulekh


Asha Paul, Dr.Veena Paul, Vijay Paul, Sh.K.C.Sulekh, Shashi Paul, R.P.S.Pawar I.A.S., Pamila Pawar, Mrs. Vijay Sulekh

ਪਿਛਲੇ ਦਿਨੀਂ ਸਵਰਗਵਾਸੀ (ਰਿਟਾਇਰਡ ਜਸਟਿਸ) ਆਰ. ਸੀ. ਪਾਲ ਦਾ ਅੰਬੇਕਰਾਈਟ ਪਰਿਵਾਰ ਨਾਮਵਰ ਅੰਬੇਡਕਰਾਈਟ ਸ਼ਖਸੀਅਤ ਕੇ. ਸੀ. ਸੁਲੇਖ ਜੀ ਦੇ ਨਿਵਾਸੀ ਸਥਾਨ 'ਤੇ ਇਕ ਮੁਲਾਕਾਤ ਦੌਰਾਨ, ਸ੍ਰੀ ਸੁਲੇਖ ਨੇ ਆਪਣੀ ਜੀਵਨ ਗਾਥਾ ਕਿਤਾਬ 'ਮੇਰਾ ਜੀਵਨ ਸਫਰ ਅੰਬੇਡਕਰ ਮਿਸ਼ਨ ਦੀ ਰਾਹ 'ਤੇ' ਬੜੇ ਅਦਬ, ਸਤਿਕਾਰ ਨਾਲ ਭੇਂਟ ਕੀਤੀ।






ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ



ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।

ਰਾਮ ਮੂਰਤੀ ਸਰੋਏ

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983







ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ





ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।

# ਰਾਜ ਕੁਮਾਰ ਬੱਧਣ

## ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ (ਕੈਲੇਫੋਰਨੀਆ)

**ਅਤੇ ਸਮੂਹ ਬੱਧਣ ਪਰਿਵਾਰ**





ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ



ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।


# ਇੰਦਰਜੀਤ ਪਡਵੱਗਾ

**General Secretary**
**Shri Guru Ravidass Sabha,**
**Sacramento (California)**



ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥







# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ

## ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991

### ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ

ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ।

ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।

**ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਭਗਵਾਨ ਵਾਲਮੀਕ ਟੈਂਪਲ ਅਤੇ ਭਗਵਾਨ ਵਾਲਮੀਕ ਜੀ ਦੀ ਮੂਰਤੀ ਸਥਾਪਨਾ ਦਿਵਸ 15 ਮਾਰਚ 2020 ਦਿਨ ਐਤਵਾਰ ਨੂੰ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਸਭਾ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਹੁੰਮਾ ਹੁੰਮਾ ਕੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ।**






ਤਸਵੀਰਾਂ 'ਦੇਸ਼ ਦੁਆਬਾ'







ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵੱਲੋਂ ਸ੍ਰੀ ਗੁਰੂ ਰਵਿਦਾਸ ਪ੍ਰਭਾਤ ਫੇਰੀ ਨੂੰ ਜੀ ਆਇਆਂ ਆਖਦੇ ਅਤੇ ਧੰਨਵਾਦ ਕਰਦੇ ਹੋਏ ਮਹਾਂਰਿਸ਼ੀ ਵਾਲਮੀਕ ਸਭਾ, ਯੂਬਾ ਸਿਟੀ ਦੇ ਮੈਂਬਰ। ਇਸ ਮੌਕੇ ਸਮੂਹ ਸੰਗਤਾਂ ਲਈ ਚਾਹ, ਪਾਣੀ ਅਤੇ ਅਤੁੱਟ ਲੰਗਰ ਵਰਤਾਏ ਗਏ॥

ਸੰਪਰਕ ਲਈ:- ਪ੍ਰਧਾਨ ਸ੍ਰੀ ਪ੍ਰੇਮ ਸੌਂਧੀ 530-813-3877, ਸੰਤੋਖ ਸਿੰਘ ਗਿੱਲ (ਉਪ ਪ੍ਰਧਾਨ) 530-740-3056, ਸਕੱਤਰ ਬਲਬੀਰ ਧਾਰੀਵਾਲ (ਸੋਨੀ) 916-243-9017





ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ



# ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਅਤੇ 20ਵੇਂ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਸਲਾਨਾ ਨਗਰ ਕੀਰਤਨ ਕੱਢੇ ਜਾ ਰਹੇ ਹਨ।

ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।



**Shri Amardeep Chahal with his Wife, Mother & Father**

## ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ





ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ



# ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਅਤੇ 20ਵੇਂ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਸਲਾਨਾ ਨਗਰ ਕੀਰਤਨ ਕੱਢੇ ਜਾ ਰਹੇ ਹਨ।
ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।



## ਜਸਵਿੰਦਰ ਬੰਗਾ (ਸਾਬਕਾ ਚੇਅਰਮੈਨ)

ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ ਅਤੇ ਸਮੂਹ ਬੰਗਾ ਪਰਿਵਾਰ

ਦੇਸ਼ ਦੁਆਬਾ

# ਸਤਿਗੁਰੂ ਰਵਿਦਾਸ ਜੀ ਅਤੇ ਦਲਿਤ ਮੁਕਤੀ ਦਾ ਮਾਰਗ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖਾਸ ਨੁਕਤੇ ਦੇ ਉਤੇ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ, ਜਿਸ ਵਿਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ-ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਅਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ 'ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ' ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਲ ਕਰਨ ਦਾ ਸਿਧਾਂਤ ਆਪਣੇ ਆਪ ਵਿਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ-ਪਾਤ ਸਿਧਾਂਤ ਨੇ ਭਾਰਤ ਦੇ ਮੂਲ ਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਹਨਾਂ ਦੇ ਅਪਰਾਧ ਤੋਂ ਆਜ਼ਾਦ ਕਰਵਾ ਕੇ ਬਰਾ-ਬਰਤਾ ਦੇ ਸਮਾਜ ਵਿਚ ਉਨ੍ਹਾਂ ਦਾ ਯੋਗਦਾਨ ਹਾਸਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜਾਤ-ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ 'ਜੋ ਹਮ ਸਹਰੀ ਸੋ ਮੀਤ ਹਮਾਰਾ' ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਣ-ਾਉਂਦਾ ਹੈ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨ-ਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਣਾ ਲਿਆ ਹੈ।

ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿੱਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਣਾਇਆ, ਜਿਸ ਵਿਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਹਨਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ, ਉਥੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਣਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ ਹੈ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਣੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ, ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਉਥੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਦੇਸ਼ ਦੁਆਬਾ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪਾਵਨ ਆਗਮਨ ਪੁਰਬ ਉਤੇ ਅਦਾਰਾ 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਦੇ ਮਾਣਯੋਗ ਪਾਠਕਾਂ, ਇਸ਼ਤਿਹਾਰਦਾਤਾ ਅਤੇ ਹੋਰ ਸੁਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ-ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਹਨਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਰਵਿਦਾਸ ਜੀ ਦੇ ਆਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਆਵਾਜ਼ ਬੁਲੰਦ ਕਰਦਾ ਰਹੇਗਾ।

**– ਪ੍ਰੇਮ ਕੁਮਾਰ ਚੁੰਬਰ**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਇਨਕਲਾਬੀ ਆਗੂ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ



ਡਾ. ਜੀ. ਸੀ. ਕੌਲ
91-94632-23223

ਬਚਪਨ ਵਿਚ ਜਦੋਂ ਕਦੀ ਇਨਕਲਾਬੀ ਰਹਿਨੁਮਾ ਗੁਰੂ ਰਵਿਦਾਸ ਅਤੇ ਮਹਾਨ ਡਾ. ਅੰਬੇਡਕਰ ਦੇ ਸੰਘਰਸ਼ ਦਾ ਜ਼ਿਕਰ ਘਰ ਵਿਚ ਚੱਲਦਾ ਤਾਂ ਬਜ਼ੁਰਗਾਂ ਦੇ ਮੂੰਹੋਂ ਇਹ ਸ਼ਬਦ ਵੀ ਸੁਣਦਾ ਸਾਂ, 'ਬੱਲੇ, ਮੰਗੂ ਰਾਮ ਕਿਤੇ ਘਰ-ਘਰ ਜੰਮਣਾ, ਉਹਦੀਆਂ ਕੀ ਰੀਸਾਂ।' ਬਚਪਨ ਵਿਚ ਹੀ ਮੇਰੇ ਕੋਮਲ ਮਨ ਦੇ ਚਿੱਤਰ-ਪਟ 'ਤੇ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਵੱਲੋਂ ਪੰਜਾਬ ਦੇ ਦਲਿਤ ਵਰਗ ਲਈ ਕੀਤੇ ਸੰਘਰਸ਼ ਦੀਆਂ ਕਈ ਕਾਲਪਨਿਕ ਤਸਵੀਰਾਂ ਉਲੀਕੀਆਂ ਜਾਂਦੀਆਂ। ਦਿਲ ਵਿਚ ਸੱਧਰ ਜਾਗਦੀ, ਕਾਸ਼! ਇਹ ਮਹਾਨ ਵਿਅਕਤੀ ਸਾਡੇ ਜੀਵਨ ਵਿਚ ਹੁੰਦਾ। ਸਮਾਂ ਬੀਤਣ ਦੇ ਨਾਲ ਗੱਲ ਆਈ-ਗਈ ਹੋ ਜਾਂਦੀ।

1970 ਈ: ਵਿਚ ਜਲੰਧਰ ਤੋਂ ਵੀਕਲੀ 'ਰਵਿਦਾਸ ਪੱਤ੍ਰਿਕਾ' ਜਾਰੀ ਹੋਇਆ ਤਾਂ ਹੈਰਾਨੀ ਭਰੀ ਅਸਲੀਅਤ ਤੋਂ ਪਰਦਾ ਉਠਿਆ ਕਿ ਮੰਗੂ ਰਾਮ ਜਿਸ ਨੂੰ ਪਿਆਰ ਨਾਲ ਲੋਕ ਬਾਬੂ ਮੰਗੂ ਰਾਮ ਕਹਿੰਦੇ ਸਨ, ਹਾਲੇ ਜਿਉਂਦੇ ਹਨ। ਗੱਲ ਮੰਨਣ ਵਿਚ ਨਾ ਆਵੇ, ਘਰ ਵਿਚ ਜ਼ਿਕਰ ਚੱਲਿਆ ਤਾਂ ਇਸ ਗੱਲ ਨੂੰ ਕੋਈ ਮੰਨੇ ਹੀ ਨਾ। ਖੈਰ, ਕੁਝ ਅਰਸੇ ਬਾਅਦ ਇਹ ਹੈਰਾਨੀ ਹਕੀਕਤ ਵਿਚ ਬਦਲ ਗਈ ਜਦੋਂ 'ਰਵਿਦਾਸ ਪੱਤ੍ਰਿਕਾ' ਦੇ ਦਫਤਰ ਵਿਚ ਸ਼ਾਖਸਾਤ ਰੂਪ ਵਿਚ ਉਸ ਮਹਾਨ ਸ਼ਖਸੀਅਤ ਦੇ ਦਰਸ਼ਨ ਕੀਤੇ।

ਇਕ ਮਧਰੇ ਕੱਦ ਦਾ, ਗੋਰਾ-ਚਿੱਟਾ, ਵਧੇਰੇ ਉਮਰ ਪਰ ਚੰਗੀ ਸਿਹਤ ਵਾਲਾ, ਸਿਰ ਉਪਰ ਉਨ ਵਾਲੀ ਕਸ਼ਮੀਰੀ ਟੋਪੀ ਅਤੇ ਬੰਦ ਗਲੇ ਵਾਲਾ ਕੋਟ ਪਾਈ ਆਕਰਸ਼ਕ ਵਿਅਕਤੀਤਵ ਦਾ ਮਾਲਕ- ਬਾਬੂ ਮੰਗੂ ਰਾਮ ਮੁੱਗੋਵਾਲੀਆ 'ਰਵਿਦਾਸ ਪੱਤ੍ਰਿਕਾ' ਉਪਰ ਬਿਰਾਜਮਾਨ ਸੀ। ਪਰ ਮੈਨੂੰ ਯਕੀਨ ਫਿਰ ਵੀ ਨਹੀਂ ਸੀ ਆ ਰਿਹਾ ਕਿ



Bharat Rattan Babasaheb Dr Ambedkar & Great Ghadri Baba Babu Mangu Muggowalia pictures presented to Shri Guru Ravidass Temple Yuba City & Sacramento by Prem Kumar Chumber Editor of Ambedkar Times & Desh Doaba weekly Newspapers

ਇਹ ਉਹੋ ਮੰਗੂ ਰਾਮ ਹੈ ਜੋ ਮੇਰੇ ਬਚਪਨ ਦੀਆਂ ਯਾਦਾਂ ਦੇ ਬੇਤਾਜ਼ ਬਾਦਸ਼ਾਹ ਸੀ। ਉਸ ਨੂੰ ਮਿਲ ਕੇ, ਉਸ ਦਾ ਦੀਦਾਰ ਕਰਕੇ ਐਨਾ ਚਾਅ ਸੀ, ਕਲਮ ਬਿਆਨ ਕਰਨ ਤੋਂ ਅਸਮਰੱਥ ਹੈ। ਕਈ ਵਾਰੀ ਇਹ ਪਹਿਲੀ ਮਿਲਣੀ ਇਕ ਫਿਲਮ ਦੀ ਰੀਲ ਲੱਗਦੀ ਪਰ, ਨਹੀਂ, ਸੱਚਮੁਚ ਹੀ ਬਾਬੂ ਮੰਗੂ ਰਾਮ ਮੇਰੇ ਸਾਹਮਣੇ ਸਨ ਅਤੇ ਬੜੀ ਧੀਮੀ ਆਵਾਜ਼ ਵਿਚ ਮੇਰੇ ਸੁਆਲਾਂ ਦੇ ਜੁਆਬ ਦੇ ਰਹੇ ਸਨ। ਲੱਗਭੱਗ 85 ਸਾਲ ਦੀ ਉਮਰ ਵਿਚ ਵੀ ਉਹਨਾਂ ਦੀਆਂ ਅੱਖਾਂ ਦਲਿਤ ਲੋਕਾਂ ਦੇ ਰੌਸ਼ਨ ਭਵਿੱਖ ਦੀਆਂ ਆਸ਼ਾਵਾਂ ਨਾਲ ਚਮਕ ਰਹੀਆਂ ਸਨ।

ਇਸ ਤੋਂ ਬਾਅਦ ਬਾਊ ਜੀ ਨੂੰ ਕਈ ਵਾਰ ਮਿਲਣ ਅਤੇ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਨ ਦਾ ਅਵਸਰ ਮਿਲਿਆ। ਉਹਨਾਂ ਦਾ ਜੀਵਨ ਕਹਾਣੀ ਅਤੇ ਉਹਨਾਂ ਵੱਲੋਂ ਆਰੰਭਿਆ ਘੋਲ ਜਿੱਥੇ ਅੱਜ ਵੀ ਮੈਨੂੰ ਜੀਵਨ ਵਿਚ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦਾ ਹੈ, ਉਥੇ ਬਾਊ ਜੀ ਨੂੰ ਗੁੰਮਨਾਮੀ ਭਰਿਆ ਜੀਵਨ ਬਤੀਤ ਕਰਨ ਲਈ ਬੇਵੱਸ ਕਰਨ ਵਾਲੇ ਕੁਝ ਇਕ ਸਵਾਰਥੀ ਲੋਕਾਂ ਦੀਆਂ ਲੂੰਬੜ-ਚਾਲਾਂ ਨੂੰ ਨੰਗਿਆਂ ਕਰਨ ਲਈ ਵੀ ਮੇਰੀ ਕਲਮ ਬਹਿਬਲ ਹੋ ਰਹੀ ਹੈ- ਪਰ ਇਸ ਲੇਖ ਰਾਹੀਂ ਉਨ੍ਹਾ ਖੁਦਗਰਜ਼, ਕੁਰਸੀ ਦੇ ਭੁੱਖੇ ਚੌਧਰੀਆਂ ਦਾ ਭਾਂਡਾ ਭੰਨਣਾ ਸਾਡਾ ਉਪਦੇਸ਼ ਨਹੀਂ ਹੈ।

1925 ਈ: ਵਿਚ ਅਮਰੀਕਾ ਤੋਂ ਵਾਪਸ ਆ ਕੇ ਉਹਨਾਂ ਨੇ ਪੰਜਾਬ ਦੇ ਦਲਿਤ ਵਰਗ ਨੂੰ ਆਦਿ ਧਰਮ ਮੰਡਲ, ਪੰਜਾਬ ਦੇ ਝੰਡੇ ਹੇਠ ਸੰਗਠਿਤ ਕਰਨ ਦਾ ਅਤਿ-ਕਠਿਨ ਕੰਮ ਸ਼ੁਰੂ ਕੀਤਾ। ਬਾਊ ਜੀ ਨੇ ਅਣਥੱਕ ਯਤਨਾਂ ਨਾਲ ਆਪਣੇ ਬਹੁਤ ਸਾਰੇ ਸੁਚੱਜੇ, ਸੂਝਵਾਨ ਅਤੇ ਦੂਰ-ਅੰਦੇਸ਼ ਸਾਥੀਆਂ ਨਾਲ ਮਿਲ ਕੇ ਪੰਜਾਬ ਦੇ ਦਲਿਤਾਂ ਵਿਚ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਕ ਅਜਿਹੀ ਚਿਣਗ ਬਾਲੀ ਜੋ ਅੱਗ ਦਾ ਭਾਂਬੜ ਬਣ ਗਈ। ਜਿੱਥੇ ਆਦਿ ਧਰਮ ਮੰਡਲ ਦੇ ਆਗੂ ਪੰਜਾਬ ਵਿਚ ਦਲਿਤ ਵਰਗ ਦੀ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਅਵਸਥਾ ਬਦਲਣ ਲਈ ਸੰ-ਘਰਸ਼ਸ਼ੀਲ ਸਨ, ਉਥੇ ਉਹ ਦਲਿਤਾਂ ਦੇ ਮਸੀਹਾ ਮਹਾਨ ਡਾ: ਅੰਬੇਡਕਰ ਦੇ ਸੰਘਰਸ਼ ਭਰੇ ਘੋਲ ਵਿਚ ਵੀ ਪੂਰਾ ਸਹਿਯੋਗ ਦੇ ਰਹੇ ਸਨ। ਆਦਿ ਧਰਮ ਮੰਡਲ, ਪੰਜਾਬ ਦੀ ਅਗਰਗਾਮੀ ਵਿਚਾਰਧਾਰਾ ਜਾਣਨ ਲਈ ਇਸ ਸੰਸਥਾ ਵੱਲੋਂ 1931 ਵਿਚ ਜਾਰੀ ਕੀਤੀ ਗਈ ਪਹਿਲੀ ਰਿਪੋਰਟ ਦੀਆਂ ਹੇਠ ਲਿਖੀਆਂ ਕੁਝ ਧਾਰਾਵਾਂ ਵਰਣਨਯੋਗ ਹਨ-

(ੳ) ਇਹ ਜਨ-ਸਭਾ ਸਰਬਸੰਮਤੀ ਨਾਲ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਅਛੂਤਾਂ ਦੀ ਹਿੰਦੂ ਧਰਮ ਜਾਂ ਹਿੰਦੂ ਆਬਾਦੀ ਵਿਚ ਗਿਣਤੀ ਨਾ ਕੀਤੀ ਜਾਵੇ, ਸਗੋਂ ਉਹਨਾਂ ਨੂੰ ਆਦਿ-ਧਰਮ ਮਜ਼ਹਬ ਵਿਚ ਗਿਣਿਆ ਜਾਵੇ। ਅਸੀਂ ਨਾ ਹਿੰਦੂ ਹਾਂ ਅਤੇ ਨਾ ਹੀ ਹਿੰਦੂ ਸਾਡੇ ਵਿਚੋਂ ਹਨ।

(ਅ) ਇਹ ਜਨ-ਸਭਾ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਜਿਹਨਾਂ ਸ਼ਾ-ਸਤਰਾਂ ਅਰਥਾਤ ਮਨੂ-ਸਿਮਰਤੀਆਂ ਆਦਿ ਵਿਚ ਅਛੂਤਾਂ ਨੂੰ ਦਾਸ ਬਣਾ ਕੇ ਰੱਖਣ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਜਿਹਨਾਂ ਵਿਚ ਅਛੂਤਾਂ ਨੂੰ ਉਨਤ ਹੋਣ ਤੋਂ ਰੋਕਿਆ ਗਿਆ ਹੈ, ਉਹਨਾਂ ਉਪਰ ਕਾਨੂੰਨੀ ਪ੍ਰਤੀਬੰਧ ਲਾਇਆ ਜਾਵੇ।

(ੲ) ਆਦਿ ਧਰਮ ਵਿਚ ਲੜਕੇ ਅਤੇ ਲੜਕੀ ਦਾ ਪਰਿਵਾਰਕ ਜਾਇਦਾਦ ਵਿਚ ਬਰਾਬਰ ਦਾ ਹਿੱਸਾ ਹੋਣਾ ਚਾਹੀਦਾ ਹੈ। (ਸ) ਜਾਤ-ਪਾਤ ਤਿਆਗ ਕੇ ਸਮੁੱਚੇ ਆਦਿ-ਧਰਮੀ ਆਪਸ ਵਿਚ ਸਹਿਯੋਗ ਕਰਕੇ ਆਪਸੀ ਏਕਤਾ, ਤਾਕਤ ਅਤੇ ਪ੍ਰੇਮ ਪਿਆਰ ਵਿਚ ਵਾਧਾ ਕਰਨਾ।

(ਹ) ਮੂਰਤੀ ਪੂਜਾ ਦਾ ਤਿਆਗ ਕਰੋ। ਜਾਦੂ-ਟੂਣਿਆਂ, ਵਹਿਮਾਂ ਭਰਮਾਂ ਅਤੇ ਭੂਤਾਂ-ਪ੍ਰੇਤਾਂ ਤੇ ਹਰ ਪ੍ਰਕਾਰ ਦੇ ਪਾਖੰਡਾਂ ਤੋਂ ਦੂਰ ਰਹੋ।

ਉਪਰੋਕਤ ਪ੍ਰਸਤਾਵਾਂ ਨੂੰ ਵਾਚ ਕੇ ਇਹ ਪਤਾ ਲੱਗਦਾ ਹੈ ਕਿ ਜੋ ਬੁਰਾਈਆਂ ਅੱਜ ਵੀ ਸਾਡੇ ਸਮਾਜ ਵਿਚ ਪ੍ਰਚੱਲਿਤ ਹਨ, ਉਹਨਾਂ ਨੂੰ ਦੂਰ ਕਰਨ ਲਈ ਅੱਜ ਤੋਂ ਲੱਗਭੱਗ 90 ਸਾਲ ਪਹਿਲਾਂ ਸੋਚਣਾ ਕਿੰਨੀ ਦੂਰ-ਅੰਦੇਸ਼ੀ ਅਤੇ ਸਮਾਜਿਕ ਉਥਾਨ ਵਾਲੀ ਗੱਲ ਸੀ।

ਮਹਾਨ ਡਾ: ਅੰਬੇਡਕਰ ਦੀ ਰਹਿਨੁਮਾਈ ਹੇਠ ਆਦਿ ਧਰਮ ਮੰਡਲ, ਪੰਜਾਬ ਨੇ ਭਾਰਤ ਦੀ ਅੰਗਰੇਜ਼ੀ ਹਕੂਮਤ ਨੂੰ ਇਸ ਵਿਚਾਰਧਾਰਾ ਨਾਲ ਸਹਿਮਤ ਕੀਤਾ ਕਿ ਅਸੀਂ ਸਦੀਆਂ ਤੋਂ ਮਿੱਧੇ-ਕੁਚਲੇ ਕਰੋੜਾਂ ਦਲਿਤ ਲੋਕ ਹਿੰਦੂ ਨਹੀਂ, ਬਾਹਰੋਂ ਆਏ ਆਰੀਏ ਨਹੀਂ, ਸਗੋਂ ਭਾਰਤ ਦੇ ਆਦਿ ਵਾਸੀ ਹਾਂ ਅਤੇ ਆਦਿ ਧਰਮ ਸਾਡਾ ਮਜ਼ਹਬ ਹੈ। 1931 ਈ: ਵਿਚ ਬਾਊ ਜੀ ਦੀ ਜੱਦੋ-ਜਹਿਦ ਨਾਲ ਹੀ ਪੰਜਾਬ ਵਿਚ ਆਦਿ ਧਰਮ ਨੂੰ ਇਕ ਵੱਖਰੇ ਧਰਮ ਵਜੋਂ ਮਾਨਤਾ ਮਿਲੀ। ਉਹਨਾਂ ਦੀ ਇਹ ਪ੍ਰਾਪਤੀ ਕੋਈ ਸਾਧਾਰਨ ਤੇ ਮਾਮੂਲੀ ਪ੍ਰਾਪਤੀ ਨਹੀਂ ਸੀ। 1932 ਈ: ਵਿਚ ਬਾਬਾ ਸਾਹਿਬ ਡਾ: ਅੰਬੇਡਕਰ ਅਤੇ ਸ੍ਰੀ ਗਾਂਧੀ ਵਿਚਕਾਰ ਹੋਏ ਪੂਨਾ ਪੈਕਟ ਦੇ ਤਹਿਤ 1936-37 ਵਿਚ ਭਾਰਤ ਵਿਚ ਹੋਈਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਪੰਜਾਬ ਪ੍ਰਾਂਤ ਵਿਚ ਦਲਿਤਾਂ ਲਈ 8 ਸੀਟਾਂ ਰਿਜ਼ਰਵ ਕੀਤੀਆਂ ਗਈਆਂ। ਇਨ੍ਹਾਂ 8 ਸੀਟਾਂ ਵਿਚੋਂ 7 ਸੀਟਾਂ 'ਤੇ ਆਦਿ ਧਰਮ ਮੰਡਲ ਦੇ ਨੁਮਾਇੰਦੇ ਪੰਜਾਬ ਵਿਧਾਨ ਸਭਾ, ਲਾਹੌਰ ਲਈ ਚੁਣੇ ਗਏ। ਬਾਬਾ ਸਾਹਿਬ ਦੇ ਸਹਿਯੋਗ ਨਾਲ ਆਦਿ ਧਰਮ ਮੰਡਲ ਦੇ ਬਾਨੀ ਦੀ ਇਹ ਇਕ ਮਹਾਨ ਜਿੱਤ ਸੀ।

ਬਾਬੂ ਜੀ ਨੇ ਜਲੰਧਰ ਨੂੰ ਆਪਣ-ੀਆਂ ਗਤੀਵਿਧੀਆਂ ਦਾ ਕੇਂਦਰ ਬਣਾਇਆ ਅਤੇ ਇੱਥੇ ਹੀ ਉਨ੍ਹਾ ਨੇ ਬੜੀਆਂ ਬੋਝਲ ਆਰਥਿਕ ਕਠਿਨਾਈਆਂ ਦੇ ਬਾਵਜੂਦ ਸੇਠ ਕਿਸ਼ਨ ਦਾਸ, ਬੂਟਾ ਮੰਡੀ ਜਲੰਧਰ ਦੇ ਸਹਿਯੋਗ ਨਾਲ ਆਦਿ-ਧਰਮ ਮੰਡਲ, ਪੰਜਬ ਦੇ ਨਾਂ ਅਧੀਨ ਜਗ੍ਹਾ ਖਰੀਦ ਕੇ ਸੰਸਥਾ ਦਾ ਕੇਂਦਰੀ ਦਫਤਰ ਕਾਇਮ ਕੀਤਾ। ਪਰ ਕੁਝ ਚਾਲਾਕ ਤੇ ਸਵਾਰਥੀ ਸਿਆਸਤਦਾਨਾਂ ਨੇ ਆਦਿ ਧਰਮ ਮੰਡਲ ਰਾਹੀਂ ਸਿਆਸੀ ਤਾਕਤ ਪ੍ਰਾਪਤ ਕਰਕੇ, ਨਿੱਜੀ ਚੌਧਰ ਲਈ, ਪੰਜਾਬ ਭਰ ਵਿਚ ਇਸ ਸੰਸਥਾ ਅਧੀਨ ਸੰਗਠਿਤ ਹੋ ਰਹੇ ਦਲਿਤ ਲੋਕਾਂ ਨਾਲ ਗੱਦਾਰੀ ਕੀਤੀ, ਸੰਸਥਾ ਦੀ ਪਿੱਠ ਵਿਚ ਛੁਰਾ ਮਾਰਿਆ, ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਗੁੰਮਨਾਮੀ ਵਾਲਾ ਜੀਵਨ ਜਿਊਣ ਲਈ ਮਜਬੂਰ ਕੀਤਾ ਅਤੇ ਨਵੀਂ ਪੀੜ੍ਹੀ ਦੇ ਲੋਕਾਂ ਨੂੰ ਆਦਿ ਧਰਮ ਮੰਡਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਤੋਂ ਦੂਰ ਰੱਖਣ ਲਈ ਇਹ ਪ੍ਰਚਾਰ ਵੀ ਕਰਵਾਇਆ ਕਿ ਬਾਬੂ ਮੰਗੂ ਰਾਮ ਤਾਂ ਚੜ੍ਹਾਈ ਕਰ ਗਿਆ ਹੈ। ਸਿੱਟੇ ਵਜੋਂ ਹੌਲੀ-ਹੌਲੀ ਲੋਕ ਇਸ ਮਹਾਨ ਯੋਧੇ ਦੀਆਂ ਕੁਰਬਾਨੀਆਂ ਭੁੱਲ ਗਏ। ਪਰ 1970 ਈ: ਵਿਚ ਜਲੰਧਰ ਤੋਂ ਵੀਕਲੀ 'ਰਵਿਦਾਸ ਪੱਤ੍ਰਿਕਾ'ਜਾਰੀ ਹੋਇਆ ਤਾਂ ਬਾਊ ਜੀ ਇਕ ਵਾਰ ਫਿਰ ਮੌਤ ਵਰਗੀ ਗੁੰਮਨਾਮੀ 'ਚੋਂ ਬਾਹਰ ਆਏ। 'ਰਵਿਦਾਸ ਪੱਤ੍ਰਿਕਾ' ਦੇ ਐਡੀਟਰ ਹੋਣ ਦੇ ਨਾਤੇ ਮੈਨੂੰ ਉਹਨਾਂ ਨਾਲ ਕਈ ਵਾਰ ਵਿਚਾਰ ਸਾਂਝੇ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ- ਅੱਜ ਜਦੋਂ ਮੈਂ ਉਹਨਾਂ ਨਾਲ ਮਿਲਾਪ ਦੀਆਂ ਯਾਦਾਂ ਨੂੰ ਫਰੋਲਦਾ ਹਾਂ ਤਾਂ ਦੇਖਦਾ ਹਾਂ ਕਿ ਆਖਰੀ ਸਮੇਂ ਤੱਕ ਵੀ ਦਲਿਤਾਂ ਨੂੰ ਸੰਗਠਿਤ ਕਰਨ ਲਈ ਉਹਨਾਂ ਦੇ ਮਨ ਵਿਚ ਕਿੰਨੀ ਲਗਨ ਸੀ, ਕਿੰਨੀ ਤੜਪ ਸੀ, ਕਿੰਨੀ ਤੀਬਰ-ਇੱਛਾ ਸੀ ਕਿ ਅਸੀਂ ਸਾਰੇਇਕ ਝੰਡੇ ਥੱਲੇ ਇਕੱਠੇ ਹੋ ਜਾਈਏ। ਮੈਨੂੰ ਯਾਦ ਹੈ ਕਿ 14 ਅਪ੍ਰੈਲ 1974 ਈ: ਨੂੰ ਜਦੋਂ ਸ੍ਰੀ ਮੰਗੂ ਰਾਮ 'ਜਸਪਾਲ' (ਚੀਫ ਐਡੀਟਰ, ਰਵਿਦਾਸ ਪੱਤ੍ਰਿਕਾ) ਨਾਲ ਮੈਂ ਉਹਨਾਂ ਨੂੰ ਗੜ੍ਹਸ਼ੰਕਰ ਵਿਖੇ ਉਹਨਾਂ ਦੀ ਸਿਹਤਯਾਬੀ ਲਈ ਪਤਾ ਕਰਨ ਲਈ ਗਿਆ ਤਾਂ ਆਪਣੀ ਬਿਮਾਰੀ ਬਾਰੇ ਦੋ-ਚਾਰ ਮਿੰਟ ਗੱਲ ਕਰਨ ਤੋਂ ਬਾਅਦ ਉਹ ਮੇਰੇ ਨਾਲ ਆਦਿ-ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਨੂੰ ਪੁਨਰ-ਸੁਰਜੀਤ ਕਰਨ ਬਾਰੇ ਹੀ ਵਿਚਾਰ-ਵਟਾਂਦਰਾ ਕਰਦੇ ਰਹੇ ਅਤੇ ਫਿਰ 23 ਅਪ੍ਰੈਲ 1974 ਨੂੰ ਉਹਨਾਂ ਦਾ ਬਿਆਨ 'ਅਪੀਲ ਅਤੇ ਐਲਾਨ' ਸਿਰਲੇਖ ਹੇਠ 'ਰਵਿਦਾਸ ਪੱਤ੍ਰਿਕਾ' ਵਿਚ ਛਪਿਆ, ਜਿਸ ਵਿਚ ਉਹਨਾਂ ਨੇ ਇਸ ਸੰਸਥਾ ਦੀ ਪੰਜਾਬ ਪੱਧਰ ਦੀ ਐਡਹਾਕ ਕਮੇਟੀ ਕਾਇਮ ਕਰਕੇ ਨਵੇਂ ਸਿਰਿਉਂ ਇਸ ਨੂੰ ਜਥੇਬੰਦ ਕਰਨ ਦਾ ਉਪਰਾਲਾ ਸ਼ੁਰੂ ਕੀਤਾ। 1975 ਵਿਚ ਆਦਿ-ਧਰਮ ਮੰਡਲ ਦੀ 50ਵੀਂ ਵਰ੍ਹੇਗੰਢ ਉਪਰ ਪ੍ਰਕਾਸ਼ਿਤ ਕੀਤੇ ਗਏ ਇਕ ਸੋਵੀਨਰ ਲਈ, ਵੱਡੇ-ਵੱਡੇ ਸਿਆਸੀ ਆਗੂਆਂ ਵੱਲੋਂ ਮੰਗਵਾਏ ਗਏ ਸੰਦੇਸ਼ਾਂ ਰਾਹੀਂ ਇਕ ਵਾਰ ਫਿਰ ਬਾਊ ਜੀ ਨੂੰ 'ਚੜ੍ਹਾਈ' ਕਰ ਗਿਆ ਘੋਸ਼ਿਤ ਕੀਤਾ, ਹਾਲਾਂਕਿ ਜਿਸ ਸਮਾਗਮ 'ਤੇ ਇਹ ਸੋਵੀਨਰ ਰਿਲੀਜ਼ ਕੀਤਾ ਗਿਆ, ਉਥੇ ਖੁਦ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਵੀ ਮੌਜੂਦ ਸਨ। ਮੈਨੂੰ ਇਸ ਗੱਲ ਦਾ ਵੀ ਵਿਸ਼ੇਸ਼ ਦੁੱਖ ਹੈ ਕਿ 1980 ਈ: ਵਿਚ ਬਾਬੂ ਜੀ ਦੀ ਅੰਤਿਮ ਸ਼ੋਕ ਸਭਾ 'ਤੇ ਵਿਸ਼ੇਸ਼ ਸੱਦਾ-ਪੱਤਰ ਭੇਜੇ ਜਾਣ ਦੇ ਬਾਵਜੂਦ ਵੀ ਆਦਿ ਧਰਮ ਮੰਡਲ ਰਾਹੀਂ ਸਿਆਸੀ ਤਾਕਤ ਹਾਸਲ ਕਰਨ ਵਾਲਿਆਂ ਵਿਚੋਂ ਕੋਈ ਵੀ ਘੜੰਮ ਚੌਧਰੀ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਉਨ੍ਹਾਂ ਦੇ ਨਿਵਾਸ-ਸਥਾਨ, ਗੜ੍ਹਸ਼ੰਕਰ ਵਿਖੇ ਨਹੀਂ ਪਹੁੰਚਿਆ।

ਪਰ ਮੈਨੂੰ ਇਸ ਗੱਲ ਦੀ ਤਸੱਲੀ ਅੱਜ ਇਹ ਹੈ ਕਿ ਬਾਬੂ ਜੀ ਦੀਆਂ ਪ੍ਰਾਪਤੀਆਂ ਨੂੰ ਪੁਨਰ ਸੁਰਜੀਤ ਕਰਨ ਦੇ ਮਹਾਨ ਉਪਰਾਲੇ ਕੀਤੇ ਜਾ ਰਹੇ ਹਨ। ਮੈਂ ਉਸ ਮਹਾਨ ਯੋਧੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ 11, 12 ਜੂਨ 'ਤੇ ਲੱਖ-ਲੱਖ ਪ੍ਰਣਾਮ ਕਰਦਾ ਹਾਂ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਡਾ.ਦਲਵੀਰ ਸਿੰਘ ਪੰਨੂ ਦੀ ਪੁਸਤਕ "ਸਿੱਖ ਹੈਰੀਟੇਜ਼ ਬਿਔਂਡ ਬਾਰਡਰਜ਼" ਚਰਚਾ ਵਿਚ



**ਫਰਿਜ਼ਨੋ, ਕੈਲੀਫੋਰਨੀਆਂ, (ਹੁਸਨ ਲੜੋਆ ਬੰਗਾ)** ਸਰਹੱਦ ਪਾਰ ਤੋਂ ਸਿੱਖ ਵਿਰਾਸਤ ਸਬੰਧੀ ਡਾ. ਦਲਵੀਰ ਸਿੰਘ ਪੰਨੂੰ ਦੀ ਪੁਸਤਕ "ਸਿੱਖ ਹੈਰੀਟੇਜ਼ ਬਿਔਂਡ ਬਾਰਡਰਜ਼" ਇਹਨੀਂ ਦਿਨੀਂ ਬੜੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਡਾ. ਪੰਨੂ ਨੇ ਬੜੀ ਮਿਹਨਤ ਨਾਲ ਜ਼ਮੀਨੀ ਪੱਧਰ ਤੇ ਕੰਮ ਕਰਕੇ ਇਹ ਪੁਸਤਕ ਹੋਂਦ ਵਿੱਚ ਲਿਆਂਦੀ। ਇਸ ਪੁਸਤਕ ਵਿੱਚ ਡਾਕਟਰ ਪੰਨੂ ਨੇ ਜਿਹੜੀਆਂ ਸਿੱਖ ਵਿਰਾਸਤ ਨਾਲ ਸਬੰਧੀ ਇਮਾਰਤਾਂ ਪਾਕਿਸਤਾਨ ਵਿੱਚ ਰਹਿ ਗਈਆ ਸਨ, ਸਬੰਧੀ ਵਿਸਥਾਰ ਪੂਰਵਿਕ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਵਿੱਚ ਡਾਕਟਰ ਪੰਨੂ ਨੇ ਹਰ ਇਮਾਰਤ ਦਾ ਵੇਰਵਾ ਤੱਥਾਂ ਦੇ ਅਧਾਰਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਡਾਕਟਰ ਪੰਨੂ ਦੀ ਇਸ ਪੁਸਤਕ ਨੂੰ ਜਿੱਥੇ ਪਾਕਿਸਤਾਨ ਵਿੱਚ ਬੇਸ਼ੁਮਾਰ ਹੁੰਗਾਰਾ ਮਿਲਿਆ, ਓਥੇ ਪੰਜਾਬ ਅਤੇ ਆਲ ਓਵਰ ਵਰਲਡ ਵਿੱਚ ਸਿੱਖ ਸੰਗਤ ਨੇ ਇਸ ਕਿਤਾਬ ਨੂੰ ਬਹੁਤ ਮਾਣ ਇੱਜਤ ਬਖ਼ਸ਼ਿਆ। ਲੰਘੇ ਐਂਤਵਾਰ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਵਿਖੇ ਵਿੱਖੇ ਇਸ ਪੁਸਤਕ ਸਬੰਧੀ ਗੋਸ਼ਟੀ ਹੋਈ। ਇਸ ਮੌਕੇ ਡਾਕਟਰ ਪੰਨੂ ਨੇ ਸੰਗਤਾਂ ਨਾਲ ਇਹ ਪੁਸਤਕ ਕਿਵੇਂ ਅਤੇ ਕਿਉਂ ਹੋਂਦ ਵਿੱਚ ਆਈ ਸਬੰਧੀ ਲੰਮੀ ਚੌੜੀ ਗੱਲ ਬਾਤ ਕੀਤੀ।ਇਸ ਸਬੰਧੀ ਉਹਨਾਂ ਪੁਸਤਕ ਸਬੰਧੀ ਸੰਗਤ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਅਤੇ ਉਹਨਾਂ ਸਿੱਖ ਜਥੇਬੰਦੀਆਂ ਅਤੇ ਧਾਰਮਿਕ ਜਥੇਬੰਦੀਆਂ ਤੋਂ ਕਿਤਾਬ ਨੂੰ ਪ੍ਰੋਟ ਕਰਨ ਲਈ ਸਹਿਯੋਗ ਦੀ ਮੰਗ ਵੀ ਕੀਤੀ ।

# ਅਮਰੀਕਾ ਵਿੱਚ ਕੋਰੋਨਾ ਵਾਇਰਸ ਨਾਲ ਪਹਿਲੀ ਮੌਤ, ਅਮਰੀਕੀ ਰਾਸ਼ਟਰਪਤੀ ਨੇ ਕੀਤੀ ਪੁਸ਼ਟੀ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)** ਅੱਜ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਅਮਰੀਕਾ ਚ ਕੋਰੋਨਾ ਵਾਇਰਸ ਨਾਲ ਹੋਈ ਪਹਿਲੀ ਮੌਤ ਦੀ ਪੁਸਟੀ ਕਰਦਿਆਂ ਡਰ ਨੂੰ ਸ਼ਾਂਤ ਕਰਨ ਦੀ ਵੀ ਕੋਸ਼ਿਸ਼ ਕੀਤੀ ਕਿਉਂਕਿ ਅਮਰੀਕਾ ਦੀ ਇਹ ਪਹਿਲੇ ਕੋਰੋਨਾਵਾਇਰਸ ਨਾਲ ਮਰਨ ਦੀ ਖਬਰ ਸੀ ਇਸ ਉਪਰੰਤ ਰਾਸ਼ਟਰਪਤੀ ਟਰੰਪ ਨੇ ਕੋਰੋਨਵਾਇਰਸ ਦੇ ਮਹਾਂਮਾਰੀ ਬਾਰੇ ਵੱਧ ਰਹੇ ਡਰ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਦੂਸਰੇ ਪਾਸੇ ਵੈਸਟ ਕੋਸਟ ਚ ਹੋਰ ਕੇਸ ਸਾਹਮਣੇ ਆਏ ਹਨ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਵਾਸ਼ਿੰਗਟਨ ਰਾਜ ਵਿੱਚ ਇੱਕ ਔਰਤ ਦੀ ਵਾਇਰਸ ਨਾਲ ਮੌਤ ਹੋ ਗਈ ਹੈ ਪਰ ਉਸਨੇ ਹੋਰ ਕੇਸਾਂ ਬਾਰੇ ਕੋਈ ਹੋਰ ਵੇਰਵਾ ਨਹੀਂ ਦਿੱਤਾ। ਰਾਜ ਦੇ ਸਿਹਤ ਅਧਿਕਾਰੀਆਂ ਨੇ ਆਪਣੇ ਇਕ ਬਿਆਨ ਵਿਚ ਕਿਹਾ ਹੈ ਕਿ ਇਕ ਮੱਧ-ਉਮਰ ਦੇ ਵਿਅਕਤੀ ਦੀ ਮੌਤ ਸਿਹਤ ਬੁਖਾਰ ਨਾਲ ਹੋਈ ਹੈ।ਬਿਮਾਰੀ ਨਿਯੰਤ੍ਰਣ ਕੇਂਦਰਾਂ ਦੇ ਡਾਇਰੈਕਟਰ, ਡਾ. ਰਾਬਰਟ ਰੈਡਫੀਲਡ ਨੇ ਬਾਅਦ ਵਿਚ ਟਵੀਟ ਕੀਤਾ ਕਿ "ਸੀਡੀਸੀ ਨੇ ਗਲਤੀ ਨਾਲ ਮਰੀਜ਼ ਦੀ ਪਛਾਣ ਇਕ ਔਰਤ ਦੇ ਰੂਪ ਵਿਚ ਕੀਤੀ।"ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਮਰੀਕੀ ਵਾਇਰਸ ਕਾਰਨ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਨੂੰ ਨਹੀਂ ਘਟਾਉਣਗੇ ਅਤੇ ਜੋਖਮ ਨੂੰ ਘੱਟ ਤੋਂ ਘੱਟ ਦਰਸਾਉਂਗੇ।"ਇਸ ਲਈ, ਤੰਦਰੁਸਤ ਲੋਕ, ਜੇ ਤੁਸੀਂ ਸਿਹਤਮੰਦ ਹੋ, ਤਾਂ ਤੁਸੀਂ ਸ਼ਾਇਦ ਕਿਸੇ ਪ੍ਰਕਿਰਿਆ ਵਿਚੋਂ ਲੰਘੋਗੇ ਅਤੇ ਤੁਸੀਂ ਠੀਕ ਹੋਵੋਗੇ। ਹਾਲਾਂਕਿ ਚੀਨ ਨੇ ਲੱਖਾਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਸੀਮਤ ਰੱਖਿਆ ਹੋਇਆ ਹੈ, ਅਤੇ ਜਾਪਾਨ ਅਤੇ ਦੱਖਣੀ ਕੋਰੀਆ ਸਮੇਤ ਹੋਰਨਾਂ ਦੇਸ਼ਾਂ ਨੇ ਪਬਲਿਕ ਸਕੂਲ ਬੰਦ ਕਰਨ ਸਮੇਤ ਸਖ਼ਤ ਕਦਮ ਚੁੱਕੇ ਹਨ। ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਇਟਲੀ ਅਤੇ ਦੱਖਣੀ ਕੋਰੀਆ ਦੀਆਂ ਸਰਕਾਰਾਂ ਨਾਲ ਸੰਯੁਕਤ ਰਾਜ ਯਾਤਰਾ ਕਰਨ ਵਾਲੇ ਸਾਰੇ ਯਾਤਰੀਆਂ ਦੀ ਜਾਂਚ ਕਰਨ ਲਈ ਗੱਲਬਾਤ



ਕੀਤੀ ਸੀ।ਅਮਰੀਕੀ ਰਾਸ਼ਟਰਪਤੀ ਟਰੰਪ ਨੇ ਅੱਗੇ ਕਿਹਾ, "ਸਾਨੂੰ ਉਮੀਦ ਹੈ ਕਿ ਇਹ ਕੋਈ ਵੱਡਾ ਹਾਲਾਤ ਨਹੀਂ ਬਣੇਗਾ।"ਵਾਇਰਸ ਤੋਂ ਹੋਣ ਵਾਲੇ ਖ਼ਤਰੇ ਦਾ ਜਾਇਜ਼ਾ ਲੈਂਦੇ ਹੋਏ ਘਬਰਾ ਗਏ ਨਾਗਰਿਕਾਂ ਨੂੰ ਭਰੋਸਾ ਦਿਵਾਉਣ ਦੀ ਕੋਸ਼ਿਸ਼ ਤੇ ਟਰੰਪ ਨੇ ਕਿਹਾ ਕਿ ਉਹ ਖੁਦ ਉਪ-ਰਾਸ਼ਟਰਪਤੀ ਮਾਈਕ ਪੇਂਸ ਅਤੇ ਕੋਰੋਨਾਵਾਇਰਸ ਟਾਸਕ ਫੋਰਸ ਨਾਲ' ਢਾਈ ਘੰਟੇ ਮੁਲਾਕਾਤ ਕਰ ਚੁੱਕਾ ਹੈ, ਜਿਸਦਾ ਪੈਂਸ ਮੁਖੀ ਹੈ। ਪੈਂਸ ਨੇ ਕਿਹਾ ਕਿ ਸੰਯੁਕਤ ਰਾਜ ਵਿੱਚ ਵਾਇਰਸ ਦਾ ਇਲਾਜ ਪ੍ਰਾਪਤ ਕਰਨ ਵਾਲਿਆਂ ਦੀਆਂ "ਲੱਖਾਂ ਲੋਕਾਂ ਦੀਆਂ ਪ੍ਰਾਰਥਨਾਵਾਂ" ਹਨ। ਉਪ ਰਾਸ਼ਟਰਪਤੀ ਨੇ ਕਿਹਾ ਕਿ ਅਮਰੀਕੀਆਂ ਨੂੰ "ਬਾਹਰ ਜਾ ਕੇ ਮੂੰਹ ਢੱਕਣ ਦੀ ਜ਼ਰੂਰਤ ਨਹੀਂ ਹੈ," ਪਰ ਟਰੰਪ ਪ੍ਰਸ਼ਾਸਨ ਸਿਹਤ ਸੰਭਾਲ ਕਰਮਚਾਰੀਆਂ ਲਈ ਉਨ੍ਹਾਂ ਦੀ ਸਪਲਾਈ ਵਧਾਏਗਾ। "ਨੈਸ਼ਨਲ ਇੰਸਟੀਚਿਊਟ ਆਫ ਐਲਰਜੀ ਅਤੇ ਛੂਤ ਦੀਆਂ ਬਿਮਾਰੀਆਂ ਦੇ ਡਾਇਰੈਕਟਰ, ਐਂਨਥਨੀ ਫੌਸੀ ਨੇ ਕਿਹਾ ਕਿ ਜਦੋਂ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਮਾਮਲਿਆਂ ਦੀ ਗਿਣਤੀ "ਘੱਟ ਰਹੀ ਹੈ," ਅਸੀਂ ਉਨ੍ਹਾਂ ਦੇਸ਼ਾਂ ਦੇ "ਨਮੂਨੇ ਦੀ ਪਾਲਣਾ" ਕਰ ਰਹੇ ਹਾਂ ਜਿੱਥੇ ਇਹ ਵਧੇਰੇ ਫੈਲਿਆ ਹੋਇਆ ਹੈ।ਸੰਯੁਕਤ ਰਾਜ ਦੇ ਸਭ ਤੋਂ ਪਹਿਲਾਂ ਅਮਰੀਕਾ ਦੀ ਮੌਤ ਵਾਸ਼ਿੰਗਟਨ ਦੇ ਕਿੰਗ ਕਾਉਂਟੀ ਵਿੱਚ ਹੋਈ।ਵਾਸ਼ਿੰਗਟਨ ਦੇ ਗਵਰਨਰ ਜੇ ਜੇ ਇੰਸਲੀ ਨੇ ਇੱਕ ਬਿਆਨ ਵਿੱਚ ਕਿਹਾ, "ਸਾਡੇ ਰਾਜ ਵਿੱਚ ਇਹ ਇੱਕ ਦੁਖਦਾਈ ਦਿਨ ਹੈ ਕਿਉਂਕਿ ਅਸੀਂ ਸੁਣ ਰਹੇ ਹਾਂ ਕਿ ਇੱਕ ਵਾਸ਼ਿੰਗਟਨ ਵਾਸੀ ਦੀ ਮੌਤ COVID-19 ਤੋਂ ਹੋਈ ਹੈ।" "ਸਾਡਾ ਦਿਲ ਉਸ ਦੇ ਪਰਿਵਾਰ ਅਤੇ ਦੋਸਤਾਂ ਨਾਲ ਹੈ। ਅਸੀਂ ਉਸ ਦਿਨ ਤੱਕ ਕੰਮ ਕਰਨਾ ਜਾਰੀ ਰੱਖਾਂਗੇ ਜਦੋਂ ਤੱਕ ਇਹ ਵਾਇਰਸ ਨਹੀਂ ਮਰਦਾ। ਅੱਜ ਪ੍ਰੈੱਸ ਬ੍ਰੀਫਿੰਗ ਦੌਰਾਨ ਰਾਸ਼ਟਰਪਤੀ ਟਰੰਪ ਨੇ ਲੀਫੋਰਨੀਆ, ਓਰੇਗਨ ਅਤੇ ਵਾਸ਼ਿੰਗਟਨ ਰਾਜ ਵਿੱਚ ਸ਼ੁੱਕਰਵਾਰ ਦੇਰ ਸ਼ਾਮ ਅਤੇ ਸ਼ਨੀਵਾਰ ਦੀ ਸ਼ੁਰੂਆਤ ਵਿੱਚ ਵੀ ਵਾਇਰਸ ਦੇ ਨਵੇਂ ਮਾਮਲਿਆਂ ਦੀ ਪੁਸ਼ਟੀ ਕੀਤੀ। ਕੈਲੀਫੋਰਨੀਆ ਵਿਚ ਦੋ ਅਤੇ ਓਰੇਗਨ ਵਿਚ ਇਕ ਵਿਅਕਤੀ ਨੇ ਉਨ੍ਹਾਂ ਦੇਸ਼ਾਂ ਦੀ ਯਾਤਰਾ ਨਹੀਂ ਕੀਤਾ ਸੀ ਜਿਥੇ ਵਾਇਰਸ ਜ਼ਿਆਦਾ ਫੈਲਿਆ ਹੋਇਆ ਹੈ, ਵਾਇਰਸ ਨਾਲ ਪੀੜਤ ਇਕ ਵਾਸ਼ਿੰਗਟਨ ਔਰਤ ਹਾਲ ਹੀ ਵਿਚ ਦੱਖਣੀ ਕੋਰੀਆ ਗਈ ਸੀ। ਰਾਸ਼ਟਰਪਤੀ ਨੇ ਕਿਹਾ ਕਿ ਉਹ ਸੰਭਵ ਤੌਰ 'ਤੇ ਮੈਕਸੀਕੋ ਦੀ ਸਰਹੱਦ ਪਾਰ ਕਰਨ' ਤੇ ਰੋਕ ਤੇ ਜ਼ੋਰ ਦੇਣਗੇ " ਪਰ ਇਸ ਬਾਰੇ ਕੋਈ ਫੈਸਲਾ ਨਹੀਂ ਕੀਤਾ ਗਿਅ

# ਵਰਲਡ ਸਿੱਖ ਪਾਰਲੀਮੈਂਟ ਵਲੋਂ ਦਿੱਲੀ ਵਿੱਚ ਘੱਟ ਗਿਣਤੀ ਭਾਰਤੀਆਂ ਉੱਪਰ ਵਹਿਸ਼ੀ ਤੇ ਨਸਲੀ ਹਮਲੇ ਦੀ ਸਖਤ ਨਿੰਦਾ

**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) –** ਵਰਲਡ ਸਿੱਖ ਪਾਰਲੀਮੈਂਟ ਨੇ ਦਿੱਲੀ ਵਿੱਚ ਘੱਟ ਗਿਣਤੀ ਭਾਰਤੀ ਮੁਸਲਮਾਨ ਭਾਈਚਾਰੇ ਉੱਪਰ ਵਹਿਸ਼ੀ ਹਿੰਦੂਤਵ ਦੇ ਨਸਲੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਵਰਲਡ ਸਿੱਖ ਪਾਰਲੀਮੈਂਟ ਦੇ ਬੁਲਾਰਿਆਂ ਨੇ ਕਿਹਾ ਕਿ ਦਿੱਲੀ ਵਿੱਚ 35 ਸਾਲ ਪਹਿਲਾ 1984 ਵਿੱਚ ਹੋਈ ਸਿੱਖਾਂ ਦੀ ਨਸਲਕੁਸ਼ੀ ਵਾਲਾ ਮਹੌਲ ਪੈਦਾ ਕੀਤਾ ਜਾ ਰਿਹਾ ਹੈ ਅਤੇ ਇਸ ਵਾਰ ਮੁਸਲਮਾਨ ਭਾਈਚਾਰੇ ਦੀ ਨਸਲਕੁਸ਼ੀ ਦੇ ਅਸਾਰ ਨਜ਼ਰ ਆ ਰਹੇ ਹਨ ਅਤੇ ਨਰਿੰਦਰ ਮੋਦੀ 2002 ਦੇ ਗੁਜਰਾਤ ਵਿੱਚ ਹੋਏ ਮੁਸਲਮਾਨ ਭਾਈਚਾਰੇ ਦੀ ਨਸਲਕੁਸ਼ੀ ਨੂੰ ਹੂਬਹੂ ਦੁਹਰਾਅ ਰਿਹਾ ਹੈ। ਵਰਲਡ ਸਿੱਖ ਪਾਰਲੀਮੈਂਟ ਦੇ ਬੁਲਾਰਿਆਂ ਨੇ ਕਿਹਾ ਯੋਜਨਾਬੱਧ ਤਰੀਕੇ ਨਾਲ ਕੀਤੇ ਮਸਜਦਾਂ ਉੱਪਰ ਹਮਲੇ ਦੀ ਅਤੇ ਉਨ੍ਹਾਂ ਉਪਰ ਹਿੰਦੂਤਵਾ ਦੀ ਜਿੱਤ ਦੇ ਝੰਡੇ ਲਹਿਰਾਉਣ ਦੀ ਘਿਨਾਉਣੀ ਹਰਕਤ ਦੀ ਕਰੜੇ ਸ਼ਬਦਾਂ ਵਿੱਚ ਅਸੀਂ ਨਿੰਦਾ ਕਰਦੇ ਹਨ। ਧਾਰਮਿਕ ਸਥਾਨਾਂ ਦੀ ਬਰਬਾਦੀ ਕਰਨੀ ਇੱਕ ਘ੍ਰਿਣਾਯੋਗ ਕਾਰਾ ਹੈ। ਅਮਰੀਕਨ ਪਰਧਾਨ ਡਾਨਲਡ ਟਰੰਪ ਦੀ ਫੇਰੀ ਦੁਰਾਨ ਵੀ ਉਹੀ ਹਾਲਾਤ ਪੈਦਾ ਕੀਤੇ ਜਾ ਰਹੇ ਹਨ, ਜੋ ਸਾਲ 2000 ਵਿੱਚ ਬਿੱਲ ਕਲਿੰਟਨ ਦੀ ਫੇਰੀ ਦੁਰਾਨ ਛੱਤੀ ਸਿੰਘਪੁਰਾ, ਕਸ਼ਮੀਰ ਵਿੱਚ 40 ਨਿਹੱਥੇ ਸਿੱਖਾਂ ਦਾ ਕਤਲੇਆਮ ਕਰਕੇ ਕੀਤੇ ਗਏ ਸਨ। ਇਸ ਘਟਨਾ ਬਾਰੇ ਬਿੱਲ ਕਲਿੰਟਨ ਆਪਣੀ ਪੁਸਤਕ 'ਮਾਈ ਲਾਈਫ' ਦੇ ਵਿਚ ਜ਼ਿਕਰ ਕਰ ਚੁੱਕੇ ਹਨ ਕਿ ਮੇਰੀ ਫੇਰੀ ਦੌਰਾਨ ਇਹ ਕਾਰਾ ਭਾਰਤੀ ਏਜੰਸੀਆਂ ਨੇ ਕੀਤਾ ਹੀ ਸੀ। ਇਸ ਕਤਲੇਆਮ ਵਿੱਚ ਭਾਰਤੀ ਫੌਜ ਦੇ ਹੱਥ ਹੋਣ ਦੇ ਸਬੂਤ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਪੇਸ਼ ਕੀਤੇ ਹਨ। ਭਾਰਤ ਦੀ ਪੁਲਿਸ ਅਤੇ ਸਰਕਾਰ ਇੱਕ ਵਾਰ ਫਿਰ ਘੱਟ ਗਿਣਤੀ ਦੀ ਸੁਰੱਖਿਆ ਨਹੀ ਕਰ ਸਕੀ। ਵਰਲਡ ਸਿੱਖ ਪਾਰਲੀਮੈਂਟ ਨੇ ਸਾਰੇ ਸਿੱਖਾਂ ਨੂੰ ਤਾਕੀਦ ਕੀਤੀ ਕਿ ਭਾਰਤੀ ਸਰਕਾਰ ਦੇ ਨਸਲਕੁਸ਼ੀ ਦੇ ਇਰਾਦਿਆਂ ਨੂੰ ਠੱਲ੍ਹ ਪਾਉਣ ਲਈ ਆਪਣੀਆਂ ਆਵਾਜ਼ਾਂ ਮਜ਼ਲੂਮਾਂ ਦੇ ਹੱਕ ਵਿੱਚ ਹਰ ਥਾਂ ਉਪਰ ਬੁਲੰਦ ਕੀਤਾ ਜਾਵੇ।

# ਕੈਲੀਫੋਰਨੀਆ ਵਿਚ ਸੈਨੇਟ ਲਈ ਚੋਣ ਲੜ ਰਹੇ ਮੈਨੀ ਗਰੇਵਾਲ ਦੀ ਚੋਣ ਮੁਹਿੰਮ ਸਿਖਰਾਂ 'ਤੇ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਭਾਰਤੀ ਮੂਲ ਦੇ ਅਮਰੀਕਨ ਮੋਡੈਸਟੋ ਕੌਂਸਲ ਮੈਂਬਰ ਡੈਮੋਕਰੈਟਿਕ ਆਗੂ ਮੈਨੀ ਗਰੇਵਾਲ ਜੋ ਡਿਸਟ੍ਰਿਕਟ 5 ਸਟੇਟ ਸੈਨੇਟ ਸੀਟ ਤੋਂ ਚੋਣ ਲੜ ਰਹੇ ਹਨ, ਦੀ ਚੋਣ ਮੁਹਿੰਮ ਸਿਖਰ 'ਤੇ ਪੁੱਜ ਗਈ ਹੈ। ਸੈਨੇਟ ਲਈ 3 ਮਾਰਚ ਨੂੰ ਵੋਟਾਂ ਪੈ ਰਹੀਆਂ ਹਨ ਤੇ ਗਰੇਵਾਲ ਸਮੇਤ ਕੁਲ 5 ਉਮੀਦਵਾਰ ਮੈਦਾਨ ਵਿਚ ਹਨ। ਬਾਕੀ 4 ਉਮੀਦਵਾਰਾਂ ਵਿਚ ਡੈਮੋਕਰੈਟਿਕ ਆਗੂ ਸੁਸਾਨ ਟੈਲਾਮੈਨਟਸ ਐਂਗਮੈਨ ਤੇ ਰਿਪਬਲਿਕਨ ਆਗੂ ਜੀਸਸ ਆਂਡਰੇਡ, ਕੈਥਲੀਨ ਗਾਰਸੀਆ ਤੇ ਜਿਸ ਰਾਈਡਨਰ ਸ਼ਾਮਿਲ ਹਨ। ਮੈਨੀ ਗਰੇਵਾਲ ਨੂੰ ਵੱਖ ਵੱਖ ਰਾਜਸੀ ਆਗੂਆਂ ਤੇ ਸੰਸਥਾਵਾਂ ਦੀ ਹਮਾਇਤ ਪ੍ਰਾਪਤ ਹੈ ਜਿਨਾਂ ਵਿਚ ਵਿਧਾਇਕ ਐਸ਼ ਕਾਲਰਾ, ਲੋਰੇਨਾ ਗੋਂਜ਼ਲੇਜ਼, ਸਟੇਟ ਸੈਨਟਰ ਕੈਥਲੀਨ ਗਲਗਿਨੀ, ਸੈਨ ਜੋਕੁਇਨ ਕਾਊਂਟੀ ਸ਼ੈਰਿਫ ਪੈਟਰਿਕ ਵਿਥਰੋ, ਲੈਥਰੋਪ ਮੇਅਰ ਸੋਨੀ ਧਾਲੀਵਾਲ, ਮੋਡੈਸਟੋ ਕੌਂਸਲ ਦੇ ਮੈਂਬਰ ਜੈਨੀ ਕੇਨੋਵਰ, ਬਿਲ ਜ਼ੋਸਲੌਕੀ ਤੇ ਡਗ ਰਾਈਨੋਰ ਆਦਿ ਸ਼ਾਮਿਲ ਹਨ। ਮੈਨੀ ਗਰੇਵਾਲ ਨੂੰ ਚੋਣ ਮੁਹਿੰਮ ਦੌਰਾਨ ਭਾਰੀ ਫੰਡ ਵੀ ਇਕੱਤਰ ਹੋਇਆ ਹੈ। ਸਮਾਜ ਸੇਵਾ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਉਣ ਵਾਲੇ ਗਰੇਵਾਲ ਆਪਣੀ ਜਿੱਤ ਪ੍ਰਤੀ ਪੂਰੇ ਆਸਵੰਦ ਹਨ।




'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com



TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

# ਪੰਜਾਬ ਸਰਕਾਰ ਦਾ ਪੇਸ਼ ਕੀਤਾ ਬਜਟ ਗਰੀਬ ਤੇ ਦਲਿਤ ਵਿਰੋਧੀ- ਜਸਵੀਰ ਸਿੰਘ ਗੜ੍ਹੀ



**ਲੁਧਿਆਣਾ-** ਲੁਧਿਆਣਾ ਵਿਖੇ ਲੀਡਰਸ਼ਿਪ ਕੇਡਰ ਕੈਂਪ ਨੂੰ ਸੰਬੋਧਨ ਕਰਦਿਆ ਬਸਪਾ ਦੀ ਸੂਬਾ ਪੱਧਰੀ ਲੀਡਰਸ਼ਿਪ ਹਾਜ਼ਰ ਹੋਈ ਜਿਸ ਵਿਚ ਮੁੱਖ ਮਹਿਮਾਨ ਦੇ ਤੌਰ ਤੇ ਸੂਬਾ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਨੀਵਾਲ ਅਤੇ ਸ਼੍ਰੀ ਵਿਪੁਲ ਕੁਮਾਰ ਸ਼ਾਮਿਲ ਹੋਏ। ਮੰਚ ਦੀ ਪ੍ਰਧਾਨਗੀ ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਰਦਿਆ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦਾ ਪੇਸ਼ ਕੀਤਾ ਬਜ਼ਟ ਗਰੀਬ ਤੇ ਦਲਿਤ ਵਿਰੋਧੀ ਹੈ, ਪੰਜਾਬ ਨੂੰ ਕਰਜਾਈ ਬਣਾਉਣ ਵਾਲਾ ਬਜਟ ਕਾਂਗਰਸ ਸਰਕਾਰ ਨੇ ਪੇਸ਼ ਕੀਤਾ ਹੈ। ਇਹ ਬਜ਼ਟ ਜਿੱਥੇ ਕਿਸਾਨ ਵਾਪਰੀ ਮਜ਼ਦੂਰ ਤੇ ਮੁਲਾਜ਼ਿਮ ਵਿਰੋਧੀ ਹੈ ਉਥੇ ਹੀ ਵਿਦਿਆਰਥੀ ਵਿਰੋਧੀ ਅਤੇ ਦਲਿਤ ਪਛੜਾ ਵਿਰੋਧੀ ਹੈ। ਸੂਬਾ ਪ੍ਰਧਾਨ ਸਰਦਾਰ ਗੜ੍ਹੀ ਨੇ ਕਿਹਾ ਕਿ ਆਬਾਦੀ ਦੇ ਅਨੁਪਾਤ ਅਨੁਸਾਰ ਬਜ਼ਟ ਦਾ 35 ਪ੍ਰਤੀਸਤ ਦਲਿਤ ਵਰਗਾਂ ਦਾ ਸੰਵਿਧਾਨਕ ਹੱਕ ਹੈ। ਮੁਲਾਜ਼ਿਮ ਵਰਗਾ ਲਈ ਕੇਂਦਰ ਸਰਕਾਰ ਸਤਵਾ ਪੇ ਕਮਿਸ਼ਨ ਅਤੇ ਕਾਂਗਰਸ ਸਰਕਾਰ ਹਾਲੀ ਛੇਵੇਂ ਪੇ-ਕਮਿਸ਼ਨ ਤੇ ਹੀ ਘੁੰਮ ਰਹੀ ਹੈ। ਸਰਦਾਰ ਗੜ੍ਹੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਓਹਨਾ ਦੇ ਜੱਦੀ ਪਿੰਡ ਖਾਵਸਪੁਰਾ ਰੂਪਨਗਰ ਵਿਖੇ 15ਮਾਰਚ ਨੂੰ ਸੂਬਾ ਪੱਧਰੀ ਰੈਲੀ ਕਰਕੇ ਮਨਾਇਆ ਜਾਵੇਗਾ। ਸੂਬਾ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਨੀਵਾਲ ਜੀ ਨੇ ਕਿਹਾ ਕਿ ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ ਨੂੰ ਮਜਬੂਤ ਕਰਨ ਲਈ ਨਿਰੰਤਰ ਸਰਗਰਮ ਹੈ ਅਤੇ ਪਿੰਡ ਪੱਧਰੀ ਸੰਗਠਨ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇੰਚਾਰਜ ਸ਼੍ਰੀ ਵਿਪੁਲ ਕੁਮਾਰ ਨੇ ਪਛੜੀਆਂ ਸ਼੍ਰੇਣੀਆਂ ਲਈ ਕਾਂਗਰਸ ਦੀ ਧੋਖੇਵਾਜ਼ੀ ਨੂੰ ਉਜਾਗਰ ਕਰਦੀਆਂ ਕਿਹਾ ਕਿ ਮੰਡਲ ਕਮਿਸਨ ਰਿਪੋਰਟ ਪੰਜਾਬ ਵਿਚ ਹਾਲੀ ਤੱਕ ਵੀ ਲਾਗੂ ਨਹੀਂ ਕੀਤੀ ਹੈ। ਇਸ ਮੌਕੇ ਸੂਬਾ ਸਕੱਤਰ ਸ਼੍ਰੀ ਮਨਜੀਤ ਸਿੰਘ ਜੀ ਕੇ ਅਤੇ ਡਾਕਟਰ ਜਸਪ੍ਰੀਤ ਖੰਨਾ, ਸੂਬਾ ਖਜਾਨਚੀ ਪਰਮਜੀਤ ਮੱਲ, ਪਾਰਲੀਮੈਂਟ ਇੰਚਾਰਜ ਰਾਮ ਸਿੰਘ ਗੋਗੀ, ਜਿਲ੍ਹਾ ਪ੍ਰਧਾਨ ਸ਼੍ਰੀ ਪਰਗਣ ਬਿਲਗਾ, ਜਿਲ੍ਹਾ ਪ੍ਰਧਾਨ ਸ਼੍ਰੀ ਜਤਿੰਦਰ ਸਿੰਘ ਬਿੱਟੂ, ਜਿਲ੍ਹਾ ਪ੍ਰਧਾਨ ਨਿਰਮਲ ਸਿੰਘ ਸ਼ਾਯਾ, ਜਿਲ੍ਹਾ ਪ੍ਰਧਾਨ ਹਰਭਜਨ ਸਿੰਘ ਦੁਲਮਾ, ਜੀਤ ਰਾਮ ਬਸਰਾ, ਕੁਲਵੰਤ ਸਿੰਘ ਮਹਤੋ, ਬੂਟਾ ਸਿੰਘ ਸੰਗੋਵਾਲ, ਮਨਜੀਤ ਸਿੰਘ ਬਹੜੇਵਾਲ, ਰਜਿੰਦਰ ਹੀਰ, ਜਸਵੀਰ ਪੌਲ, ਦਲਬੀਰ ਮਦਿਆਲਾ, ਹਰਬੰਸ ਸਿੰਘ ਬਾਹਰੇਵਾਲ, ਸੁਰਿੰਦਰ ਹੀਰਾ, ਸੁਖਵਿੰਦਰ ਕੌਰ, ਬਲਵਿੰਦਰ ਜੱਸੀ, ਮੋਹਿੰਦਰ ਸਿੰਘ ਇੰਸਪੈਕਟਰ, ਆਦਿ ਹਾਜ਼ਰ ਸਨ।

# ਲੋਕਤੰਤਰ ਬਚਾਉਣ ਵਾਸਤੇ ਨਿਆਂਤੰਤਰ ਦਾ ਸੁਤੰਤਰ ਹੋਣਾ ਅਤਿਅੰਤ ਜਰੂਰੀ - ਸਮਤਾ ਸੈਨਿਕ ਦਲ

**ਜਲੰਧਰ-** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇਕ ਪ੍ਰੈਸ ਬਿਆਨ ਵਿਚ ਦੱਸਿਆ ਕਿ ਨਵੀਂ ਦਿੱਲੀ ਦੀ ਹਿੰਸਾ ਵਿਚ ਘੱਟੋ ਘੱਟ 42 ਵਿਅਕਤੀ ਮਾਰੇ ਗਏ ਅਤੇ 200 ਤੋਂ ਵੱਧ ਜਖਮੀ ਹੋਏ। ਬੀਜੇਪੀ ਦੇ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਦੇ ਐਮ ਪੀ ਨਰੇਸ਼ ਗੁਜਰਾਲ ਨੇ ਗ੍ਰਹਿਮੰਤਰੀ ਅਮਿਤ ਸ਼ਾਹ ਨੂੰ ਕਿਹਾ ਹੈ ਕਿ ਦਿੱਲੀ ਪੁਲਿਸ ਦੀ ਨਾਕਾਮੀ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਯਾਦ ਤਾਜ਼ਾ ਕਰ ਦਿੱਤੀ ਹੈ। ਵਰਿਆਣਾ ਨੇ ਕਿਹਾ ਕਿ ਦਿੱਲੀ ਹਾਈ ਕੋਰਟ ਦੇ ਜੱਜ ਜਸਟਿਸ ਐਸ ਮੁਰਲੀਧਰ ਨੇ ਦਿੱਲੀ ਪੁਲਿਸ ਨੂੰ ਭਾਜਪਾ ਨੇਤਾ ਅਨੁਰਾਗ ਠਾਕੁਰ, ਪਰਵੇਸ਼ ਵਰਮਾ ਅਤੇ ਕਪਿਲ ਮਿਸ਼ਰਾ ਅਤੇ ਹੋਰਾਂ ਵਿਰੁੱਧ ਐਫਆਈਆਰ ਦਰਜ ਕਰਨ ਦੇ ਸੰਬੰਧ ਵਿੱਚ ਇੱਕ ਚੇਤੰਨ ਫ਼ੈਸਲਾ ਲੈਣ ਲਈ ਕਿਹਾ, ਜਿਨ੍ਹਾਂ ਨੇ ਕਥਿਤ ਤੌਰ 'ਤੇ ਨਫ਼ਰਤ ਭਰੇ ਭਾਸ਼ਣ ਦਿੱਤੇ ਸਨ ਅਤੇ ਰਾਸ਼ਟਰੀ ਰਾਜਧਾਨੀ ਵਿੱਚ ਹਿੰਸਾ ਭੜਕਾਈ। ਜਸਟਿਸ ਮੁਰਲੀਧਰ ਨੇ 'ਦੁਖ' ਜ਼ਾਹਰ ਕਰਦਿਆਂ ਕਿਹਾ ਕਿ ਰਾਸ਼ਟਰੀ ਰਾਜਧਾਨੀ ਸੜ ਰਹੀ ਹੈ ਅਤੇ ਕੇਸ ਦਾਇਰ ਕਰਨ ਵਿੱਚ ਦੇਰੀ 'ਤੇ ਸਵਾਲ ਉਠਾਇਆ। ਉਨ੍ਹਾਂ ਨੇ ਕੇਂਦਰ, ਰਾਜ ਸਰਕਾਰ ਅਤੇ ਦਿੱਲੀ ਪੁਲਿਸ ਦੀ ਰਾਸ਼ਟਰੀ ਰਾਜਧਾਨੀ ਵਿੱਚ ਹੋਈ ਹਿੰਸਾ ਬਾਰੇ ਖਿਚਾਈ ਵੀ ਕੀਤੀ ਸੀ। ਜਸਵਿੰਦਰ ਵਰਿਆਣਾ ਨੇ ਦੱਸਿਆ ਕਿ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਐਫਆਈਆਰ ਉਚਿਤ ਪੜਾਅ ਤੇ ਦਰਜ ਕੀਤੀਆਂ ਜਾਣਗੀਆਂ। ਐਫਆਈਆਰ ਤਾਂ ਦਰਜ ਨਹੀਂ ਕੀਤੀਆਂ ਗਈਆਂ ਪਰ ਜਸਟਿਸ ਐਸ ਮੁਰਲੀਧਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਕਿਓਂਕਿ ਉਨ੍ਹਾਂ ਨੇ ਨਫ਼ਰਤ ਭਰੇ ਭਾਸ਼ਣਾ ਵਿਰੁੱਧ ਐਫਆਈਆਰ ਦਰਜ ਕਰਨ ਵਿੱਚ ਦਿੱਲੀ ਪੁਲਿਸ ਵੱਲੋਂ ਅਸਫਲ ਰਹਿਣ 'ਤੇ ਆਪਣਾ ਦੁਖ ਜ਼ਾਹਰ ਕੀਤਾ ਸੀ। ਵਰਿਆਣਾ ਨੇ ਅੱਗੇ ਕਿਹਾ ਕਿ ਜਸਟਿਸ ਐਸ ਮੁਰਲੀਧਰ ਦਿੱਲੀ ਹਾਈ ਕੋਰਟ ਦੇ ਉਹੀ ਜੱਜ ਹਨ ਜਿਨ੍ਹਾਂ ਨੇ ਉੱਤਰ ਪ੍ਰਦੇਸ਼ ਦੇ ਸੂਬਾਈ ਆਰਮਡ ਕਾਂਸਟੇਬੂਲਰੀ ਦੇ ਮੈਂਬਰਾਂ ਨੂੰ ਹਾਸ਼ਿਮਪੁਰਾ ਕਤਲੇਆਮ ਵਿੱਚ ਦੋਸ਼ੀ ਠਹਿਰਾਇਆ ਅਤੇ ਇਥੋਂ ਤੱਕ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਵਿੱਚ ਕਾਂਗਰਸੀ ਨੇਤਾ ਸੱਜਣ ਕੁਮਾਰ ਨੂੰ ਵੀ ਦੋਸ਼ੀ ਠਹਿਰਾਇਆ ਸੀ।

ਵਰਿਆਣਾ ਨੇ ਕਿਹਾ ਕਿ ਆਲ ਇੰਡੀਆ ਸਮਤਾ ਸੈਨਿਕ ਦਲ ਦਿੱਲੀ ਅਤੇ ਪੂਰੇ ਦੇਸ਼ ਵਿਚ ਹੋਈ ਹਿੰਸਾ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਲੋਕਤੰਤਰ ਨੂੰ ਬਚਾਉਣ ਵਾਸਤੇ ਨਿਆਂਤੰਤਰ ਤੇ ਕਿਸੇ ਵੀ ਰਾਜਨੀਤਕ ਦਲ ਦਾ ਪ੍ਰਭਾਵ ਨਹੀਂ ਹੋਣਾ ਚਾਹੀਦਾ ਸਗੋਂ ਦੇਸ਼ ਦੇ ਭਲੇ ਅਤੇ ਤਰੱਕੀ ਲਈ ਨਿਆਂਤੰਤਰ ਦਾ ਸੁਤੰਤਰ ਹੋਣਾ ਅਤਿਅੰਤ ਜਰੂਰੀ ਹੈ। ਇਸ ਮੌਕੇ ਵਰਿੰਦਰ ਕੁਮਾਰ, ਐਡਵੋਕੇਟ ਕੁਲਦੀਪ ਭੱਟੀ, ਬਲਦੇਵ ਰਾਜ ਭਾਰਦਵਾਜ ਅਤੇ ਤਿਲਕ ਰਾਜ ਹਾਜਰ ਸਨ।

# ਅਮਰੀਕਾ ਵਿੱਚ ਕੋਰੋਨਾ ਵਾਇਰਸ ਨਾਲ ਮਰਨ ਵਾਲਿਆਂ ਦੀ ਛੇਵੀ ਮੌਤ

## ਸਾਰੇ ਵਿਸ਼ਵ ਵਿੱਚ ਕੋਰੋਨਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ 3,000 ਤੱਕ ਪੁੱਜੀ

**ਵਾਸ਼ਿੰਗਟਨ, ਅਮਰੀਕਾ ( ਹੁਸਨ ਲੜੋਆ ਬੰਗਾ)-** ਕੋਰੋਨਾ ਵਾਇਰਸ ਨਾਲ ਅਮਰੀਕਾ ਵਿੱਚ ਛੇਵੀਂ ਮੌਤ ਦੀ ਖਬਰ ਮਿਲੀ ਹੈ ਜਦੋਂ ਕਿ ਸਾਰੇ ਵਿਸ਼ਵ ਵਿੱਚ ਕੋਰੋਨਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ 3,000 ਤੱਕ ਪੁੱਜ ਗਈ ਹੈ। ਵਾਸ਼ਿੰਗਟਨ ਰਾਜ ਵਿੱਚ ਕੋਰੋਨਾ ਵਾਇਰਸ ਦਾ ਪਰਕੋਪ ਜਾਰੀ ਹੈ ਜਿਸ ਨਾਲ ਚਾਰ ਹੋਰ ਮਰੀਜ਼ਾਂ ਦੀ ਮੌਤ ਹੋ ਗਈ, ਅਤੇ ਅਮਰੀਕਾ ਵਿੱਚ ਹੋਈਆਂ ਮੌਤਾਂ ਦੀ ਕੁੱਲ ਗਿਣਤੀ ਛੇ ਹੋ ਗਈ. ਚਾਰ ਮੌਤਾਂ ਇਕੋ ਨਰਸਿੰਗ ਹੋਮ ਸੁਵਿਧਾ, ਕਿਰਕਲੈਂਡ ਵਿਚ ਐਵਰਗ੍ਰੀਨ ਹੇਲਥ ਮੈਡੀਕਲ ਸੈਂਟਰ, ਕਿੰਗ ਕਾਉਂਟੀ, ਵਾਸ਼ਿੰਗਟਨ ਵਿਚ ਹੋਈਆਂ ਹਨ। ਨਾਲ ਹੀ ਕੋਰੋਨਾਵਾਇਰਸ ਦੇ 90,000 ਤੋਂ ਵੱਧ ਕੇਸਾਂ ਦੀ ਸੋਮਵਾਰ ਤੱਕ ਦੁਨੀਆ ਭਰ ਵਿੱਚ ਜਾਂਚ ਕੀਤੀ ਗਈ ਹੈ, ਜਿਥੇ ਬਿਮਾਰੀ ਫੈਲ ਚੁੱਕੀ ਹੈ ਜਿਥੇ 66 ਦੇਸ਼ਾਂ ਵਿੱਚ 3,000 ਤੋਂ ਵੱਧ ਮੌਤਾਂ ਦੀ ਪੁਸ਼ਟੀ ਕੀਤੀ ਗਈ ਹੈ। ਅਮਰੀਕਾ ਵਿਚ, 13 ਰਾਜਾਂ ਵਿਚ ਕੇਸਾਂ ਦੀ ਪੁਸ਼ਟੀ 100 ਦੇ ਨੇੜੇ ਹੈ, ਐਤਵਾਰ ਨੂੰ ਕਿੰਗ ਕਾਉਂਟੀ, ਵਾਸ਼ਿੰਗਟਨ ਵਿੱਚ ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਨਰਸਿੰਗ ਹੋਮ ਵਿੱਚ ਕੋਰੋਨਾ ਵਾਇਰਸ ਦੇ ਨਾਲ ਰਹਿੰਦੇ ਛੇ ਲੋਕਾਂ ਵਿੱਚੋਂ ਦੂਸਰੇ ਦੀ ਮੌਤ ਹੋ ਗਈ ਹੈ, ਜਦੋਂ ਕਿ ਇਕ ਨੇੜਲੇ ਕਾਲਜ ਵਿਚ ਸਫਾਈ ਕਰਵਾਈ ਗਈ ਕਿਉਂਕਿ ਕੁਝ ਵਿਦਿਆਰਥੀ ਨਰਸਿੰਗ ਹੋਮ ਵਿਚ ਗਏ ਸਨ।




ਵਾਸ਼ਿੰਗਟਨ ਰਾਜ ਵਿੱਚ ਸ਼ਨੀਵਾਰ ਨੂੰ ਅਮਰੀਕਾ ਵਿੱਚ ਕੋਰੋਨਾਵਾਇਰਸ ਤੋਂ ਪਹਿਲੀ ਮੌਤ ਦਰਜ ਕੀਤੀ ਗਈ ਸੀ। ਐਤਵਾਰ ਨੂੰ ਇਕ ਦੂਜੇ ਮਰੀਜ਼ ਦੀ ਮੌਤ ਹੋ ਗਈ, ਪਹਿਲਾਂ ਸ਼ਨੀਵਾਰ, 29 ਫਰਵਰੀ ਨੂੰ ਵਾਸ਼ਿੰਗਟਨ ਰਾਜ ਦੇ ਕਿੰਗ ਕਾਉਂਟੀ ਵਿਚ ਇਹ ਮੌਤ ਹੋਈ ਸੀ ਤੇ ਦੂਜੇ ਮਰੀਜ਼ ਦੀ ਐਤਵਾਰ ਮੌਤ ਹੋ ਗਈ ਸੀ । ਵਾਸ਼ਿੰਗਟਨ ਸਟੇਟ ਸਿਹਤ ਵਿਭਾਗ ਦੇ ਇੱਕ ਜਨਤਕ ਸੂਚਨਾ ਅਧਿਕਾਰੀ ਜੈਮੀ ਨਿਕਸਨ ਨੇ ਇੱਕ ਅਸਪਸ਼ਟ ਰਿਪੋਰਟ ਜਾਰੀ ਕੀਤੀ ਜਿਸ ਵਿੱਚ ਕਿਹਾ ਗਿਆ ਹੈ ਕਿ ਰਾਜ ਵਿੱਚ ਇੱਕ ਮਰੀਜ਼ ਦੀ ਲਾਗ ਤੋਂ ਮੌਤ ਹੋ ਗਈ ਹੈ। ਇਸ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ਨੀਵਾਰ ਪ੍ਰੈਸ ਕਾਨਫਰੰਸ ਕੀਤੀ ਅਤੇ ਰਾਸ਼ਟਰ ਨੂੰ ਭਰੋਸਾ ਦਿਵਾਇਆ ਕਿ ਚੀਜ਼ਾਂ ਸੰਭਾਲੀਆਂ ਜਾ ਰਹੀਆਂ ਹਨ"ਘਬਰਾਉਣ ਦੀ ਕੋਈ ਲੋੜ ਨਹੀਂ ਹੈ। "ਟਰੰਪ ਨੇ ਕਿਹਾ ਕਿ ਅਮਰੀਕਾ ਕੋਰੋਨਾ ਵਾਇਰਸ ਦੇ ਖਾਤਮੇ ਲਈ ਟੀਕੇ ਦੀ ਜਲਦੀ ਤਿਆਰੀ ਕਰ ਰਿਹਾ ਹੈ ਅਤੇ ਅਗਲੇ ਕਦਮਾਂ' ਤੇ ਵਿਚਾਰ ਵਟਾਂਦਰੇ ਲਈ ਡਰੱਗ ਕੰਪਨੀਆਂ ਨਾਲ ਮੁਲਾਕਾਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਟਰੰਪ ਨੇ ਕਿਹਾ, "ਸਾਡਾ ਦੇਸ਼ ਕਿਸੇ ਵੀ ਹਾਲਾਤ ਲਈ ਤਿਆਰ ਹੈ। ਅਮਰੀਕਨ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਟਲੀ ਅਤੇ ਦੱਖਣੀ ਕੋਰੀਆ ਦੇ ਇਲਾਕਿਆਂ ਦੀ ਯਾਤਰਾ ਨਾ ਕਰਨ, ਜੋ ਕਿ ਵਾਇਰਸ ਤੋਂ ਪ੍ਰਭਾਵਤ ਹਨ। ਦੁਨੀਆ ਭਰ ਵਿੱਚ ਕੋਰੋਨਵਾਇਰਸ ਦੇ 85,000 ਤੋਂ ਵੱਧ ਕੇਸਾਂ ਦੀ ਪੁਸ਼ਟੀ ਹੋ ਚੁੱਕੀ ਹੈ।

ਘੱਟੋ ਘੱਟ 3000 ਮੌਤਾਂ ਦੀ ਪੁਸ਼ਟੀ ਕੀਤੀ ਗਈ ਹੈ, ਵਾਸ਼ਿੰਗਟਨ ਰਾਜ ਦੇ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸੀਏਟਲ ਦੇ ਨੇੜੇ ਸਨੋਹੋਮਿਸ਼ ਕਾਊਂਟੀ ਵਿਚ ਇਕ ਹਾਈ ਸਕੂਲ ਦੇ ਵਿਦਿਆਰਥੀ ਨੂੰ ਇਹ ਵਾਇਰਸ ਸੀ। ਕਿੰਗ ਕਾਉਂਟੀ ਵਿੱਚ ਆਪਣੇ 50 ਵਿਆਂ ਦੀ ਇੱਕ ਔਰਤ ਜੋ ਹਾਲ ਹੀ ਵਿੱਚ ਦੱਖਣੀ ਕੋਰੀਆ ਗਈ ਸੀ, ਨੂੰ ਵੀ ਇਸ ਬਿਮਾਰੀ ਦੀ ਖਬਰ ਮਿਲੀ ਸੀ। ਇੱਕ ਪਾਸੇ ਜਿੱਥੇ ਇਸ ਸਮੇਂ ਅਮਰੀਕਨ ਲੋਕ ਕੋਰੋਨਾ ਵਾਇਰਸ ਤੋਂ ਭੈਭੀਤ ਹਨ ਉਥੇ ਦੂਜੇ ਪਾਸੇ ਕਈ ਸਟੇਟਾਂ ਵਿੱਚ ਕ੍ਲੀਨ ਕਰਨ ਵਾਲਾ ਸਾਜੋ ਸਮਾਨ ਤੇ ਰੋਗਾਣੂ ਰਹਿਤ ਲੋਸ਼ਨ ਖਤਮ ਹੋ ਗਿਆ ਹੈ।

# ਨਿਊਯਾਰਕ 'ਚ ਕੋਰੋਨਾ ਵਾਇਰਸ ਦੇ ਪਹਿਲੇ ਮਾਮਲੇ ਦੀ ਪੁਸ਼ਟੀ ਹੋਈ

**ਨਿਊਯਾਰਕ ( ਰਾਜ ਗੋਗਨਾ)-** ਅਮਰੀਕਾ ਦੇ ਸੂਬੇ ਨਿਊਯਾਰਕ 'ਚ ਜਾਨਲੇਵਾ ਕੋਰੋਨਾ ਵਾਇਰਸ ਦੇ ਪਹਿਲੇ ਮਾਮਲੇ ਦੀ ਪੁਸ਼ਟੀ ਹੋਈ ਹ। ਉੱਥੇ ਹੀ, ਅਮਰੀਕਾ 'ਚ ਕੋਰੋਨਾ ਕਾਰਨ ਦੂਜੀ ਮੌਤ ਹੋਣ ਦੀ ਖਬਰ ਹੈ। ਵਾਸ਼ਿੰਗਟਨ 'ਚ ਸਿਹਤ ਅਧਿਕਾਰੀਆਂ ਨੇ ਕੋਰੋਨਾ ਵਾਇਰਸ ਕਾਰਨ ਸੰਯੁਕਤ ਰਾਜ 'ਚ ਦੂਜੀ ਮੌਤ ਦੀ ਪੁਸ਼ਟੀ ਕੀਤੀ ਹੈ। 'ਸੀਏਟਲ ਤੇ ਕਿੰਗ ਕਾਉਂਟੀ' ਦੇ ਜਨਤਕ ਸਿਹਤ ਵਿਭਾਗ ਅਨੁਸਾਰ ਮਰੀਜ਼ 70 ਸਾਲ ਦਾ ਇਕ ਆਦਮੀ ਸੀ, ਜਿਸ ਨੂੰ ਵਾਸ਼ਿੰਗਟਨ ਦੇ 'ਐਵਰਗ੍ਰੀਨ ਹੈਲਥ' ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ।ਉੱਥੇ ਹੀ, ਨਿਊਯਾਰਕ ਦੇ ਗਵਰਨਰ ਐਂਡਰੂ ਕੁਓਮੋ ਨੇ ਇਕ ਬਿਆਨ ਕਿਹਾ ਕਿ ਐਤਵਾਰ ਸ਼ਾਮ ਨੂੰ ਨਿਊਯਾਰਕ 'ਚ ਕੋਰੋਨਾ ਵਾਇਰਸ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਹੈ। ਮਰੀਜ਼ ਇਕ 30 ਸਾਲਾ ਔਰਤ ਹੈ ਜੋ ਹਾਲ ਹੀ 'ਚ ਈਰਾਨ ਦੀ ਯਾਤਰਾ 'ਤੇ ਗਈ ਸੀ। ਫਿਲਹਾਲ ਉਸ ਨੂੰ ਘਰ 'ਚ ਵੱਖਰਾ ਰੱਖਿਆ ਗਿਆ ਹੈ। ਮਰੀਜ਼ ਨੂੰ ਸਾਹ ਲੈਣ 'ਚ ਤਕਲੀਫ ਹੈ ਪਰ ਨਿਊਯਾਰਕ ਆਉਣ




ਤੋਂ ਬਾਅਦ ਉਸ ਦੀ ਸਿਹਤ ਠੀਕ ਹੈ ਅਤੇ ਸਥਿਤੀ ਗੰਭੀਰ ਨਹੀਂ ਹੈ।ਅਮਰੀਕਾ ਸੈਂਟਰ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ ਦੀ ਨਵੀਂ ਰਿਪੋਰਟ ਮੁਤਾਬਕ ਦੇਸ਼ 'ਚ ਫਿਲਹਾਲ ਕੋਰੋਨਾ ਵਾਇਰਸ ਦੇ 15 ਮਾਮਲਿਆਂ ਦੀ ਪੁਸ਼ਟੀ ਹੋਈ ਹੈ ਅਤੇ 7 ਹੋਰਾਂ ਦੀ ਜਾਂਚ ਰਿਪੋਰਟ ਪੋਜ਼ੀਟਿਵ ਆਉਣ ਦਾ ਖਦਸ਼ਾ ਹੈ। ਇਸ ਤੋਂ ਇਲਾਵਾ ਜਾਪਾਨ ਦੇ ਯੋਕੋਹਾਮਾ 'ਚ ਖੜ੍ਹੇ ਡਾਇਮੰਡ ਪ੍ਰਿਸਜ਼ ਜਹਾਜ਼ ਤੋਂ ਆਏ 47 ਲੋਕ ਕੋਰੋਨਾ ਵਾਇਰਸ ਦੀ ਲਪੇਟ 'ਚ ਹਨ। ਜ਼ਿਕਰਯੋਗ ਹੈ ਕਿ ਵਿਸ਼ਵ ਪੱਧਰ 'ਤੇ ਕੋਰੋਨਾ ਵਾਇਰਸ ਕਾਰਨ ਹੁਣ ਤੱਕ 85,000 ਲੋਕ ਪ੍ਰਭਾਵਿਤ ਹੋਏ ਹਨ।

## ਭੀਮ ਆਰਮੀ ਤੇ ਸੁਹੇਲਦੇਵ ਪਾਰਟੀ ਇਕੱਠਿਆਂ ਲੜਨਗੇ ਯੂਪੀ ਵਿਧਾਨ ਸਭਾ ਚੋਣਾਂ

**ਲਖਨਊ-** ਭੀਮ ਆਰਮੀ ਦੇ ਪ੍ਰਧਾਨ ਚੰਦਰਸ਼ੇਖਰ ਆਜ਼ਾਦ ਅੱਜ ਇੱਥੇ ਸੁਹੇਲਦੇਵ ਭਾਰਤੀ ਸਮਾਜ ਪਾਰਟੀ ਦੇ ਪ੍ਰਧਾਨ ਓਮ ਪ੍ਰਕਾਸ਼ ਰਾਜਭਰ ਨੂੰ ਉਨ੍ਹਾਂ ਦੇ ਗੈਸਟ ਹਾਊਸ 'ਚ ਮਿਲੇ। ਇਸ ਦੌਰਾਨ ਦੋਵਾਂ ਆਗੂਆਂ ਨੇ ਉੱਤਰ ਪ੍ਰਦੇਸ਼ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਇਕੱਠਿਆਂ ਲੜਨ ਦਾ ਫ਼ੈਸਲਾ ਕੀਤਾ।



ਉਹ 'ਭਾਗੀਦਾਰੀ ਸੰਕਲਪ ਮੋਰਚਾ' ਗੱਠਜੋੜ ਅਧੀਨ 2022 ਦੀਆਂ ਚੋਣਾਂ ਲੜਨਗੇ। ਮੀਟਿੰਗ ਮਗਰੋਂ ਰਾਜਭਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਰੇ ਦਲਿਤ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ, ਇਸ ਮੋਰਚੇ ਵਿੱਚ ਸ਼ਾਮਲ ਹੋਣਗੀਆਂ ਅਤੇ ਭਾਰਤੀ ਜਨਤਾ ਪਾਰਟੀ ਨੂੰ ਮਾਤ ਦੇਣ ਲਈ ਇਕਜੁੱਟ ਹੋ ਕੇ ਕੰਮ ਕੀਤਾ ਜਾਵੇਗਾ। ਇਸੇ ਦੌਰਾਨ ਚੰਦਰਸ਼ੇਖਰ, ਲਖਨਊ ਦੇ ਰਵਿਦਾਸ ਮੰਦਰ ਵਿੱਚ ਵੀ ਗਏ।

BERKSHIRE HATHAWAY
BH HS
Home Services
Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
7412 Elsie Ave., Sacramento, CA 95828



ਲੜਕੀ ਦੀ ਲੋੜ
Boy 32 years old
BA degree in business.
Radiology / Xray Tech works for Kaiser
Contact his father at
916-704-5487


# ਸਮਾਜ ਸੇਵਕ ਸ੍ਰੀ ਜੱਸੀ ਬੰਗਾ ਦਾ ਸਨਮਾਨ



**ਜਲੰਧਰ (ਬਿਊਰੋ)–** ਡਾ. ਬੀ ਆਰ ਅੰਬੇਡਕਰ ਐਜੂਕੇਸ਼ਨਲ ਅਤੇ ਵੈਲਫੇਅਰ ਟਰੱਸਟ ਰੰਧਾਵਾ ਮਸੰਦਾਂ ਵਲੋਂ ਸਮਾਜ ਦੀ ਸੇਵਾ ਲਈ ਹਰ ਵੇਲੇ ਤੱਤਪਰ ਰਹਿਣ ਵਾਲੇ ਪਰਵਾਸੀ ਭਾਰਤੀਆ ਸ਼੍ਰੀ ਜੱਸੀ ਬੰਗਾ ਜੀ ਯੂ ਐਸ ਏ (ਸਾਬਕਾ ਚੇਅਰਮੈਨ ਸ਼੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ, ਡਾ ਬੀ ਆਰ ਅੰਬੇਡਕਰ educational and walfare society india and USA and member of ਸਰਵ ਨੌਜਵਾਨ ਸਭਾ ਫਗਵਾੜਾ) ਦਾ ਪਿੰਡ ਰੰਧਾਵਾ ਮਸੰਦਾ ਵਿਖੇ ਟਰੱਸਟ ਦੇ ਜਨਰਲ ਸੈਕਟਰੀ ਰਣਜੀਤ ਕੁਮਾਰ, ਮੈਂਬਰ ਕੀਮਤੀ ਮਾਹੀ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਰਣਜੀਤ ਮਾਹੀ ਨੇ ਦੱਸਿਆ ਕਿ ਸਾਡੇ ਟਰੱਸਟ ਵਲੋਂ ਸਮੇਂ ਸਮੇਂ ਤੇ ਸਮਾਜ ਦੀ ਸੇਵਾ ਕਰਨ ਵਾਲੇ ਸਮਾਜ ਸੇਵਕਾਂ ਦਾ ਸਨਮਾਨ ਕਰਦੇ ਰਹਿੰਦੇ ਹਾਂ ਤਾਂ ਜੋ ਉਹ ਆਪਣੀਆਂ ਸੇਵਾਵਾਂ ਨਿਰੰਤਰ ਜਾਰੀ ਰੱਖਣ। ਇਸ ਮੌਕੇ ਜੱਸੀ ਬੰਗਾ ਜੀ ਨੇ ਕਿਹਾ ਕਿ ਬੀ ਆਰ ਅੰਬੇਡਕਰ ਐਜੂਕੇਸ਼ਨਲ ਅਤੇ ਵੈਲਫੇਅਰ ਟਰੱਸਟ ਰੰਧਾਵਾ ਮਸੰਦਾਂ ਵਲੋਂ ਸਾਨੂੰ ਜੋ ਮਾਨ ਸਨਮਾਨ ਦਿੱਤਾ ਗਿਆ ਹੈ ਅਸੀ ਇਸ ਟਰੱਸਟ ਦੇ ਸਾਰੇ ਮੈਂਬਰਾਂ ਦੇ ਸਦਾ ਰਿਣੀ ਰਹਾਗੇ ਅਸੀਂ ਅੱਗੋ ਤੋਂ ਵੀ ਹਰ ਪਲ ਸਮਾਜ ਦੀ ਸੇਵਾ ਕਰ ਕੇ ਮਾਣ ਮਹਿਸੂਸ ਕਰਾਗੇ ਅਤੇ ਹਰ ਪਲ ਸੇਵਾ 'ਚ ਹਾਜ਼ਰ ਰਹਾਗੇ।

# ਡਾ. ਅਨੰਦ ਤੇਲਤੂੰਬੜੇ ਤੇ ਤਸ਼ੱਦਦ ਬੰਦ ਹੋਵੇ- ਬਾਲੀ

**ਜਲੰਧਰ–** ਮਸ਼ਹੂਰ ਅੰਬੇਡਕਰਵਾਦੀ ਚਿੰਤਕ ਤੇ ਲੇਖਕ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਦੇ ਮੁੱਖ ਮਾਰਗਦਰਸ਼ਕ ਲਾਹੌਰੀ ਰਾਮ ਬਾਲੀ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਕਿ ਲੋਕਤੰਤਰ ਵਿਚ ਕਾਨੂੰਨ ਦੇ ਖੇਤਰ ਵਿਚ ਰਹਿੰਦੇ ਹੋਏ, ਭਾਰਤ ਦੇ ਸੰਵਿਧਾਨ ਵਿਚ ਬੋਲਣ, ਲਿਖਣ ਅਤੇ ਆਪਣੇ ਧਰਮ ਅਨੁਸਾਰ ਚਲਣ ਦੀ ਆਜ਼ਾਦੀ ਹੈ। ਪਰ ਇਸ ਆਜ਼ਾਦੀ ਨੂੰ ਬੇਰਹਿਮੀ ਨਾਲ ਖੋਹਿਆ ਜਾ ਰਿਹਾ ਹੈ. ਇਸ ਦੀ ਉਦਾਹਰਣ ਵਿਸ਼ਵ ਪ੍ਰਸਿੱਧ ਬੁੱਧੀਜੀਵੀ, ਵਿਦਵਾਨ ਤੇ ਲੇਖਕ ਡਾ. ਆਨੰਦ ਤੇਲਤੂੰਬੜੇ ਵਿਰੁੱਧ ਘੜ੍ਹੇ ਜਾਣ ਵਾਲੇ ਐਲਗਰ ਪ੍ਰਿਸ਼ਦ ਨਾਮਕ ਅਪਰਾਧਿਕ ਕੇਸ ਬਾਰੇ ਸਪਸ਼ਟ ਪਾਈ ਜਾ ਰਹੀ ਹੈ। ਸ੍ਰੀ ਬਾਲੀ ਨੇ ਕਿਹਾ ਕਿ ਡਾ. ਤੇਲਤੂੰਬੜੇ 20 ਤੋਂ ਵੱਧ ਕਿਤਾਬਾਂ ਦੇ ਲੇਖਕ ਹਨ। ਉਸਦੀ 'ਰੀਪਬਲਿਕ ਓਫ ਕੈਸਟ' (Republic of Caste) ਕਿਤਾਬ ਦੀ ਕਈ ਦੇਸ਼ਾਂ ਵਿੱਚ ਪ੍ਰਸ਼ੰਸਾ ਕੀਤੀ ਗਈ ਹੈ. ਉਹ ਸਾਲ 2016 ਤੋਂ ਲੋਕਤੰਤਰੀ ਅਧਿਕਾਰਾਂ ਦੀ ਰਾਖੀ ਲਈ ਕਮੇਟੀ (Committee for protection of democratic rights) ਦੇ ਜਨਰਲ ਸਕੱਤਰ ਹਨ । ਡਾ. ਆਨੰਦ ਤੇਲਤੂੰਬੜੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਪੋਤ-ਜਵਾਈ ਹਨ। ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਨ ਅਤੇ ਉਨ੍ਹਾਂ ਨੂੰ ਅਪਰਾਧਿਕ ਮਾਮਲਿਆਂ ਵਿੱਚ ਉਲਝਾਉਣ ਨਾਲ ਦੇਸ਼ ਵਿਦੇਸ਼ਾਂ ਵਿੱਚ ਅੰਬੇਡਕਰ ਵਾਦੀਆਂ ਵਿੱਚ ਗਮ ਅਤੇ ਗੁੱਸੇ ਦੀ ਭਾਵਨਾ ਪੈਦਾ ਹੋ ਰਹੀ ਹੈ। ਸ੍ਰੀ ਬਾਲੀ ਨੇ ਅੱਗੇ ਕਿਹਾ ਕਿ ਜਿਸ ਮਾਮਲੇ ਵਿੱਚ ਡਾ: ਆਨੰਦ ਤੇਲਤੂੰਬੜੇ ਦਾ ਨਾਮ ਖਿੱਚਿਆ ਜਾ ਰਿਹਾ ਹੈ, ਉਸਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਪੁਲਿਸ ਜਾਂਚ ਦੌਰਾਨ ਵੀ ਇਹ ਸਾਬਤ ਹੋਇਆ ਹੈ। ਅਜਿਹੀ ਸਥਿਤੀ ਵਿਚ ਉਸ ਦੀ ਗ੍ਰਿਫਤਾਰੀ ਅੰਬੇਡਕਰਵਾਦੀ ਲੋਕਾਂ ਨੂੰ ਦਬਾਉਣ ਅਤੇ ਕੁਚਲਣ ਦੇ ਤੌਰ ਤੇ ਦੇਖੀ ਜਾਵੇਗੀ।



ਸ੍ਰੀ ਬਾਲੀ ਨੇ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ (ਸਰਕਾਰ ਨੂੰ) ਪੱਖਪਾਤ ਦੀ ਨੀਤੀ ਤੋਂ ਉਪਰ ਉਠਣਾ ਚਾਹੀਦਾ ਹੈ ਅਤੇ ਡਾਕਟਰ ਆਨੰਦ ਤੇਲਤੂੰਬੜੇ ਦੇ ਕੇਸ ਦਾ ਨਿਪਟਾਰਾ ਕਰਨਾ ਚਾਹੀਦਾ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਗੁਰਪੁਰਬ ਫਰਿਜ਼ਨੋ ਵਿਖੇ ਬੜੀ ਸਰਧਾ ਨਾਲ ਮਨਾਇਆ ਗਿਆ





**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸਮੁੱਚੇ ਭਾਰਤ ਦੀ ਸੰਸਕ੍ਰਿਤੀ ਅੰਦਰ ਮਿਹਨਤੀਆਂ ਦੇ ਮਸੀਹਾਂ ਅਤੇ ਸਾਮਰਾਜ ਵਿਰੁੱਧ ਆਵਾਜ਼ ਉਠਾਉਣ ਵਾਲੇ ਕ੍ਰਾਂਤੀਕਾਰੀ ਗੁਰੂ ਰਵਿਦਾਸ ਜੀ ਦਾ 643 ਵਾਂ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ, ਚੈਰੀ ਐਵਨਿਊ, ਫਰਿਜ਼ਨੋ ਵਿਖੇ ਮਨਾਇਆ ਗਿਆ। ਜਿੱਥੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰੂਹਾਨੀ ਗੁਰਮਤਿ ਵਿਚਾਰਾ ਹੋਈਆ ਅਤੇ ਕੀਰਤਨ ਦੀਵਾਨ ਸਜੇ। ਜਿਸ ਵਿੱਚ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਅਤੇ ਕੀਰਤਨੀ ਜੱਥੇ ਤੋਂ ਇਲਾਵਾ, ਬੱਚਿਆ ਵੱਲੋਂ ਅਮਨਜੋਤ ਸਿੰਘ ਅਤੇ ਇੰਦਰਜੀਤ ਸਿੰਘ ਮਾ-ਛੀਵਾੜੇ ਦੇ ਜੱਥੇ ਤੋਂ ਇਲਾਵਾ ਬਹੁਤ ਸਾਰੇ ਕੀਰਤਨੀ ਜੱਥਿਆਂ ਨੇ ਗੁਰਮਤਿ ਵਿਚਾਰਾ ਅਤੇ ਕੀਰਤਨ ਰਾਹੀਂ ਹਾਜ਼ਰੀ ਭਰੀ।

ਇਸ ਸਮਾਗਮ ਦੌਰਾਨ ਸਮੁੱਚੇ ਅਮਰੀਕਾ ਤੋਂ ਪਹੁੰਚੇ ਵੱਖ-ਵੱਖ ਗੁਰੂਘਰਾਂ ਦੇ ਪ੍ਰਤੀਨਿਧੀਆਂ ਨੇ ਸਟੇਜ਼ ਤੋਂ ਧਾਰਮਿਕ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹੋਏ ਵਿਚਾਰਾ ਦੀ ਸਾਂਝ ਪਾਈ। ਗੁਰੂਘਰ ਦੀ ਪ੍ਰਬੰਧਕੀ ਕਮੇਟੀ ਵੱਲੋਂ ਬਾਹਰਲੇ ਗੁਰੂਘਰਾਂ ਤੋਂ ਆਏ ਬੁਲਾਰੇ ਅਤੇ ਸਥਾਨਿਕ ਸੇਵਾਦਾਰਾਂ ਨੂੰ ਧਾਰਮਿਕ ਅਤੇ ਭਾਈਚਾਰਕ ਸੇਵਾਵਾ ਬਦਲੇ ਸਨਮਾਨਿਤ ਕੀਤਾ ਗਿਆ। ਗੁਰੂ ਦੀ ਮਹਿਮਾ ਦੇ ਨਾਲ-ਨਾਲ ਤਿੰਨੇ ਦਿਨ ਸਾਮ ਦੇ ਦੀਵਾਨ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਿਆ। ਗੁਰੂਘਰ ਵਿੱਚ ਲੱਗੇ ਵੱਖ-ਵੱਖ ਸਟਾਲ ਅਤੇ ਦੁਕਾਨਾਂ ਮੇਲੇ ਦਾ ਦ੍ਰਿਸ਼ ਪੇਸ਼ ਕਰ ਰਹੇ ਸਨ। ਇਸ ਸਮੇਂ ਖੂਨਦਾਨ ਅਤੇ ਮੈਡੀਕਲ ਚੈਕਅੱਪ ਕੈਂਪ ਵੀ ਲਾਇਆ ਗਿਆ ਸੀ। ਸਮੁੱਚੇ ਤੌਰ 'ਤੇ ਇਹ ਸਮਾਗਮ ਦੀ ਹਮੇਸਾ ਵਾਂਗ ਇਹ ਵਿਸ਼ੇਸ਼ ਮਹਾਨਤਾ ਰਹੀ ਕਿ ਜਾਤ-ਪਾਤ ਦੇ ਵਿਤਕਰੇ ਤੋਂ ਉਪਰ ਉੱਠ ਕੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਇਸ ਨੂੰ ਬਹੁਤ ਹੀ ਸਰਧਾ ਅਤੇ ਸਦਭਾਵਨਾ ਨਾਲ ਮਨਾਇਆ ਗਿਆ।

# ਵਿਸ਼ਵ ਸੁਣਨ ਦਿਵਸ ਚੱਕੋਵਾਲ ਵਿਖੇ ਮਨਾਇਆ






**ਸ਼ਾਮਚੁਰਾਸੀ (ਚੁੰਬਰ)–** ਨੈਸ਼ਨਲ ਪ੍ਰੋਗਰਾਮ ਫਾਰ ਪ੍ਰੀਵੈਨਸ਼ਨ ਐਂਡ ਕੰਟਰੋਲ ਆਫ਼ ਡੈਫਨੈਸ ਅਧੀਨ ਅੱਜ ਵਿਸ਼ਵ ਸੁਣਨ ਦਿਵਸ ਪੀ.ਐਚ.ਸੀ. ਚੱਕੋਵਾਲ ਵਿਖੇ ਡਾ. ਓ.ਪੀ. ਗੋਜਰਾ ਸੀਨੀਅਰ ਮੈਡੀਕਲ ਅਫ਼ਸਰ ਜੀ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ।ਇਸ ਦੌਰਾਨ ਕੰਨ੍ਹਾ ਦੀਆਂ ਹੋਣ ਵਾਲੀਆਂ ਸਮੱਸਿਆਵਾਂ, ਇਹਨਾਂ ਤੋਂ ਬਚਾਅ ਅਤੇ ਇਲਾਜ ਬਾਰੇ ਭਰਪੂਰ ਜਾਣਕਾਰੀ ਸਾਂਝੀ ਕੀਤੀ ਗਈ।ਈ. ਐਨ. ਟੀ. ਮਾਹਰ ਐਸ.ਐਮ.ਓ. ਡਾ. ਓ.ਪੀ. ਗੋਜਰਾ ਜੀ ਨੇ ਇਸ ਦੌਰਾਨ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਮੁਤਾਬਿਕ ਹਰ 100 ਪਿੱਛੇ 6 ਵਿਅਕਤੀ ਸੁਣਨ ਸ਼ਕਤੀ ਸੰਬੰਧੀ ਕਿਸੇ ਨਾ ਕਿਸੇ ਬੀਮਾਰੀ ਨਾਲ ਪ੍ਰਭਾਵਿਤ ਹਨ। ਇਸਦਾ ਮੁੱਖ ਕਾਰਣ ਜਮਾਂਦਰੂ, ਕੰਨ੍ਹਾਂ ਦੀ ਇੰਨਫੈਕਸ਼ਨ, ਕੰਨ੍ਹ ਜਾਂ ਸਿਰ ਦੀ ਸੱਟ, ਕੰਨ੍ਹਾਂ ਦੀ ਮੈਲ ਸਾਫ ਕਰਨ ਲਈ ਤੀਖੀਆਂ ਵਸਤੂਆਂ ਦਾ ਇਸਤੇਮਾਲ ਕਰਨਾ, ਧੁਨੀ ਪ੍ਰਦੂਸ਼ਣ ਅਤੇ ਜਨਮ ਦੇ ਸਮੇਂ ਬੱਚੇ ਵਿਚ ਪੀਲੀਆ, ਘੱਟ ਭਾਰ ਵਾਲੇ ਬੱਚੇ ਆਦਿ ਹਨ।ਉਹਨਾਂ ਕਿਹਾ ਕਿ ਕੰਨ੍ਹਾਂ ਦੀਆਂ ਬੀਮਾਰੀਆਂ ਦਾ ਇਲਾਜ ਜੇਕਰ ਸਮੇਂ ਸਿਰ ਨਾ ਕੀਤਾ ਜਾਵੇ ਤਾਂ ਸੁਣਨ ਸ਼ਕਤੀ ਪ੍ਰਭਾਵਿਤ ਹੋ ਸਕਦੀ ਹੈ ਜਾਂ ਪੂਰੀ ਤਰ੍ਹਾਂ ਬੋਲਾਪਨ ਆ ਸਕਦਾ ਹੈ। ਇਸ ਲਈ ਜਰੂਰੀ ਹੈ ਕਿ ਨੱਕ, ਕੰਨ੍ਹ ਜਾਂ ਗਲੇ ਨਾਲ ਸਬਧਿਤ ਕੋਈ ਵੀ ਸਮੱਸਿਆ ਹੋਵੇ ਤਾਂ ਸਮੇਂ ਸਿਰ ਡਾਕਟਰੀ ਸਲਾਹ ਲੈਣੀ ਜਰੂਰੀ ਹੈ।ਉਹਨਾਂ ਨੇ ਇਹ ਵੀ ਦੱਸਿਆ ਕਿ ਸਿਹਤ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਤੀ 3.3.2020 ਤੋਂ ਮਿਤੀ 17.3.2020 ਤੱਕ ਇਸ ਸੰਬੰਧੀ ਜਾਗਰੂਕਤਾ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਡਾ. ਕਪਿਲ ਸ਼ਰਮਾ ਏ.ਐਮ.ਓ. ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਕੰਨ੍ਹਾਂ ਦੀਆਂ ਸਮੱਸਿਆਵਾਂ ਤੋਂ ਬਚਾਅ ਲਈ ਸਾਨੂੰ ਕੰਨ੍ਹਾਂ ਦੀ ਮੈਲ ਸਾਫ ਕਰਨ ਕਿਸੇ ਵੀ ਤਰ੍ਹਾਂ ਦੀ ਕੋਈ ਚੀਜ਼ ਕੰਨ੍ਹ ਵਿਚ ਨਹੀਂ ਮਾਰਨੀ ਚਾਹੀਦੀ। ਉਹਨਾਂ ਨੇ ਇਹ ਵੀ ਕਿਹਾ ਕਿ ਬੱਚਿਆਂ ਦਾ ਟੀਕਾਕਰਣ ਵੀ ਸਮੇਂ ਸਿਰ ਹੋਣਾ ਚਾਹੀਦਾ ਹੈ ਜਿਸ ਨਾਲ ਬੱਚੇ ਕਈ ਬਿਮਾਰੀਆਂ ਜਿਵੇਂ ਮੀਜ਼ਲ, ਮਮਜ਼ ਆਦਿ ਤੋਂ ਬਚ ਸਕਦੇ ਹਨ ਜਿਨ੍ਹਾਂ ਨਾਲ ਕਿ ਬੱਚਿਆਂ ਦੀ ਸੁਣਨ ਸ਼ਕਤੀ ਪ੍ਰਭਾਵਿਤ ਹੋ ਸਕਦੀ ਹੈ। ਉਹਨਾਂ ਨੇ ਕਿਹਾ ਕਿ ਸਾਨੂੰ ਜਿਆਦਾ ਉਚੀ ਆਵਾਜ਼ ਵਾਲੀਆਂ ਚੀਜ਼ਾਂ ਸੁਣਨ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

ਇਸ ਮੌਕੇ ਉਕਤ ਤੋਂ ਇਲਾਵਾ ਡਾ. ਸੁਰਿੰਦਰ ਕੁਮਾਰ, ਡਾ. ਕਰਤਾਰ ਸਿਘ, ਬੀ.ਈ.ਈ. ਰਮਨਦੀਪ ਕੌਰ, ਐਲ.ਐਚ.ਵੀ. ਕ੍ਰਿਸ਼ਨਾ ਰਾਣੀ, ਅਕਾਊਂਟੈਂਟ ਅਜੈ ਕੁਮਰਾ, ਸਟਾਫ ਨਰਸ ਅਲਕਾ ਤੇ ਮਨਪ੍ਰੀਤ ਕੌਰ ਅਤੇ ਇਲਾਕਾ ਨਿਵਾਸੀ ਸ਼ਾਮਿਲ ਹੋਏ।

# ਲੋਕ ਸਭਾ 'ਚ ਦਿੱਲੀ ਹਿੰਸਾ ਮੁੱਦੇ 'ਤੇ ਦੂਜੇ ਦਿਨ ਵੀ ਹੰਗਾਮਾ

**ਨਵੀਂ ਦਿੱਲੀ–** ਲੋਕ ਸਭਾ 'ਚ ਲਗਾਤਾਰ ਦੂਜੇ ਦਿਨ ਦਿੱਲੀ ਹਿੰਸਾ ਦੇ ਮਾਮਲੇ 'ਤੇ ਹੰਗਾਮਾ ਹੋਇਆ। ਭਾਜਪਾ ਤੇ ਵਿਰੋਧੀ ਧਿਰਾਂ ਦੇ ਮੈਂਬਰਾਂ ਵਿਚਾਲੇ ਤਲਖ਼ੀ ਦਾ ਮਾਹੌਲ ਬਣਿਆ ਰਿਹਾ। ਵਿਰੋਧੀ ਧਿਰਾਂ ਨੇ ਦਿੱਲੀ ਹਿੰਸਾ ਦੇ ਮਾਮਲੇ 'ਤੇ ਤੁਰੰਤ ਵਿਚਾਰ-ਚਰਚਾ ਦੀ ਮੰਗ ਕੀਤੀ। ਸਪੀਕਰ ਓਮ ਬਿਰਲਾ ਨੇ ਕਿਹਾ ਕਿ ਇਸ ਮੁੱਦੇ 'ਤੇ ਚਰਚਾ 11 ਮਾਰਚ ਨੂੰ ਹੋਲੀ ਤੋਂ ਬਾਅਦ ਕੀਤੀ ਜਾਵੇਗੀ ਪਰ ਵਿਰੋਧੀ ਧਿਰਾਂ ਤੁਰੰਤ ਚਰਚਾ 'ਤੇ ਅੜੀਆਂ ਰਹੀਆਂ। ਇਸ ਦੌਰਾਨ ਵਿਰੋਧੀ ਧਿਰਾਂ ਦੇ ਮੈਂਬਰ ਸਦਨ ਦੇ ਐਨ ਵਿਚਾਲੇ ਆ ਗਏ ਤੇ ਨਾਅਰੇਬਾਜ਼ੀ ਕੀਤੀ। ਜਦ ਦੋਵਾਂ ਧਿਰਾਂ ਦੇ ਮੈਂਬਰ ਇਕ-ਦੂਜੇ ਦੇ ਬੈਂਚਾਂ ਵੱਲ ਚਲੇ ਗਏ ਤਾਂ ਸਪੀਕਰ ਨੇ ਕਾਰਵਾਈ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ। ਕਾਂਗਰਸੀ ਆਗੂ ਅਧੀਨ ਰੰਜਨ ਚੌਧਰੀ ਦੀ ਅਗਵਾਈ 'ਚ ਜਦ ਵਿਰੋਧੀ ਧਿਰ ਦੇ ਮੈਂਬਰ ਸੱਤਾਧਾਰੀਆਂ ਦੇ ਬੈਂਚਾਂ ਅੱਗੇ ਚਲੇ ਗਏ ਤਾਂ ਦੋਵਾਂ ਧਿਰਾਂ ਵਿਚਾਲੇ ਕਾਫ਼ੀ ਰੌਲਾ-ਰੱਪਾ ਪਿਆ। ਇਸੇ ਦੌਰਾਨ ਭਾਜਪਾ ਸੰਸਦ ਮੈਂਬਰ ਲੌਕੇਟ ਚੈਟਰਜੀ ਤੇ ਚੌਧਰੀ ਵਿਚਾਲੇ ਤਿੱਖਾ ਸ਼ਬਦੀ ਤਕਰਾਰ ਵੀ ਹੋਇਆ। ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਉਨ੍ਹਾਂ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ। ਭਾਜਪਾ ਤੇ ਕਾਂਗਰਸ ਮੈਂਬਰ ਸੋਮਵਾਰ ਵਾਂਗ ਅੱਜ ਵੀ ਇਕ-ਦੂਜੇ ਨਾਲ ਖਹਿੰਦੇ ਨਜ਼ਰ ਆਏ ਤੇ ਕੁਝ ਮੈਂਬਰ ਸਕੱਤਰ ਜਨਰਲ ਦੇ ਡੈਸਕ ਵਾਲੇ ਦਰਵਾਜ਼ੇ ਵੱਲ ਚਲੇ ਗਏ। ਬਿਰਲਾ ਨੇ ਇਸ ਤੋਂ ਬਾਅਦ ਪੂਰੇ ਦਿਨ ਲਈ ਸਦਨ ਦੀ ਕਾਰਵਾਈ ਮੁਲਤਵੀ ਕਰ ਦਿੱਤੀ। ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਦਾ ਵੀ ਵਿਰੋਧੀ ਧਿਰ ਨਾਲ ਸ਼ਬਦੀ ਤਕਰਾਰ ਹੋਇਆ। ਦਿੱਲੀ ਹਿੰਸਾ ਬਾਰੇ ਪਏ ਰੌਲੇ-ਰੱਪੇ ਕਾਰਨ ਸਪੀਕਰ ਨੂੰ ਸਦਨ ਦੀ ਕਾਰਵਾਈ ਦੋ ਵਾਰ ਮੁਲਤਵੀ ਕਰਨੀ ਪਈ। ਇਸ ਤੋਂ ਪਹਿਲਾਂ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਿਹਾ ਕਿ ਸਰਕਾਰ ਸਿਫ਼ਰ ਕਾਲ ਵਿਚ ਮੁੱਦੇ 'ਤੇ ਚਰਚਾ ਲਈ ਰਾਜ਼ੀ ਹੈ ਪਰ ਵਿਰੋਧੀ ਧਿਰਾਂ (ਕਾਂਗਰਸ, ਡੀਐੱਮਕੇ, ਟੀਐੱਮਸੀ ਤੇ ਹੋਰ) ਨੇ ਤੁਰੰਤ ਵਿਚਾਰ-ਚਰਚਾ ਦੀ ਮੰਗ ਕੀਤੀ। ਜੋਸ਼ੀ ਨੇ ਇਸ ਮੌਕੇ ਕਿਹਾ ਕਿ 'ਸ਼ਾਂਤੀ ਬਹਾਲੀ' ਇਸ ਵੇਲੇ ਸਰਕਾਰ ਦੀ ਤਰਜੀਹ ਹੈ ਤੇ ਉਹ ਚਰਚਾ ਲਈ ਤਿਆਰ ਹਨ। ਇਸ ਮੌਕੇ ਵਿਰੋਧੀਆਂ ਨੇ ਬੈਨਰ ਵੀ ਲਹਿਰਾਏ। ਸਰਬ-ਪਾਰਟੀ ਮੀਟਿੰਗ ਦਾ ਹਵਾਲਾ ਦਿ-ਦਿਆਂ ਸਪੀਕਰ ਬਿਰਲਾ ਨੇ ਚਿਤਾਵਨੀ ਦਿੱਤੀ ਕਿ ਜਿਹੜੇ ਮੈਂਬਰ ਦੂਜੀ ਧਿਰ ਦੇ ਬੈਂਚਾਂ ਵੱਲ ਜਾਣਗੇ, ਉਨ੍ਹਾਂ ਨੂੰ ਪੂਰੇ ਸੈਸ਼ਨ ਲਈ ਮੁਅੱਤਲ ਕਰ ਦਿੱਤਾ ਜਾਵੇਗਾ।

# ਕਠਾਰ ਵਿਖੇ ਸਮਾਜਿਕ ਚੇਤਨਾ ਅਤੇ ਚਿੰਤਨ ਸਮਾਰੋਹ ਸਬੰਧੀ ਮੀਟਿੰਗ



**ਸ਼ਾਮਚੁਰਾਸੀ, (ਚੁੰਬਰ)–** ਡੇਰਾ ਸੰਤ ਸਰਵਣ ਦਾਸ ਬੱਲਾਂ ਵਲੋਂ ਵਰੋਸਾਏ ਸੰਤ ਹਰੀ ਦਾਸ ਉਦਾਸੀਨ ਆਸ਼ਰਮ ਪਿੰਡ ਢੇਪੁਰ-ਕੂਪੁਰ ਅੱਡਾ ਕਠਾਰ ਵਿਖੇ ਸਮਾਜਿਕ ਚੇਤਨਾ ਅਤੇ ਚਿੰਤਨ ਸਮਾਰੋਹ 8 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ 4 ਵਜੇ ਤੱਕ ਕ ਰਵਾਉਣ ਸਬੰਧੀ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਜਾਣਕਾਰੀ ਦਿੰਦਿਆਂ ਡੇਰਾ ਸੰਚਾਲਕ ਸੰਤ ਸੁਰਿੰਦਰ ਦਾਸ ਕਠਾਰ ਨੇ ਦੱਸਿਆ ਕਿ ਇਸ ਸਮਾਰੋਹ ਵਿਚ ਵੱਖ-ਵੱਖ ਵਿਸ਼ਿਆਂ ਤੇ 14 ਵਿਦਵਾਨ ਆਪਣੇ ਪਰਚੇ ਪੜ੍ਹਨਗੇ, ਜਿੰਨ੍ਹਾਂ ਵਿਚ ਐਡਵੋਕੇਟ ਐਸ ਐਲ ਵਿਰਦੀ, ਸ਼੍ਰੀ ਰਾਮ ਅਰਸ਼, ਡਾ. ਸੁੰਦਰ ਦਾਸ ਸ਼ਾਸ਼ਤਰੀ, ਡਾ. ਮਨੋਜ ਦਈਆ, ਡਾ. ਸੰਤੋਸ਼ ਕੁਮਾਰ, ਡਾ. ਸ਼ੀਤਲ ਸਿੰਘ, ਪ੍ਰਿੰ. ਸਤਪਾਲ ਜੱਸੀ, ਡਾ. ਹਰਨੇਕ ਸਿੰਘ ਕਲੇਰ, ਸ਼੍ਰੀ ਐਸ ਆਰ ਦਾਰਾਪੁਰੀ, ਡਾ. ਜੀ ਸੀ ਕੌਲ, ਐਡਵੋਕੇਟ ਅਰੁਣ ਕਲੇਰ, ਡਾ. ਸੋਨੀਆਂ, ਡਾ. ਬਲਵੀਰ ਮੰਨਣ, ਲਾਲ ਬਹਾਦਰ ਵਾਈਸ ਪ੍ਰਿੰ., ਦੇ ਨਾਮ ਪ੍ਰਮੁੱਖ ਹਨ। ਜੋ ਆਪਣੇ ਵੱਡਮੁੱਲੇ ਵਿਚਾਰ ਪੇਸ਼ ਕਰਨਗੇ। ਇਸ ਮੌਕੇ ਸੰਤ ਪ੍ਰਦੀਪ ਦਾਸ, ਦਲਵੀਰ ਚੰਦ ਭਾਟੀਆ, ਸਤੀਸ਼ ਕੁਮਾਰ ਸ਼ਾਮ ਚੁਰਾਸੀ, ਸਾਲਗ ਰਾਮ ਪਟਵਾਰੀ, ਰੌਸ਼ਨ ਲਾਲ ਸੋਧੀ, ਸਤਪਾਲ ਕਾਹਲੋਂ, ਮਹਿੰਦਰ ਕੁਮਾਰ ਸੋਧੀ, ਡਾ. ਜਗਦੀਸ਼ ਚੰਦਰ, ਡਾ. ਜੀ ਸੀ ਕੌਲ, ਡਾ. ਬਲਵੀਰ ਮੰਨਣ, ਜਸਵਿੰਦਰ ਸਿੰਘ, ਸਤਪਾਲ ਕਾਹਲੋਂ, ਮਨਜੀਤ ਕੁਮਾਰ ਬੱਲ, ਨੀਰੂ ਸੁੰਮਨ ਅਤੇ ਸਰਪੰਚ ਕਮਲੇਸ ਰਾਣੀ, ਅਜੀਤ ਕੁਮਰਾ ਸ਼ਾਮਿਲ ਸਨ।

# ਔਰਤਾਂ ਨੂੰ ਬੱਸ ਕਿਰਾਏ 'ਚ 50 ਫ਼ੀਸਦ ਛੋਟ: ਕੈਪਟਨ

**ਚੰਡੀਗੜ੍ਹ–** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਰੋਡਵੇਜ਼ ਤੇ ਪੀ-ਆਰਟੀਸੀ ਦੀਆਂ ਬੱਸਾਂ 'ਚ ਸਫ਼ਰ ਕਰਨ 'ਤੇ ਸੂਬੇ ਦੀਆਂ ਔਰਤਾਂ ਨੂੰ ਕਿਰਾਏ ਵਿੱਚ 50 ਫ਼ੀਸਦ ਛੋਟ ਦੇਣ ਦਾ ਐਲਾਨ ਕੀਤਾ ਹੈ। ਟਰਾਂਸਪੋਰਟ ਕਾਰੋਬਾਰ ਵਿਚ ਅਜਾਰੇਦਾਰੀ ਅਤੇ ਮੁਨਾਫ਼ਾਖੋਰੀ ਨੂੰ ਰੋਕਣ ਲਈ ਕਦਮ ਚੁੱਕਣ ਅਤੇ ਰੇਤ ਮਾਫ਼ੀਆ 'ਤੇ ਲਗਾਮ ਕੱਸਣ ਲਈ ਵੀ ਛੇਤੀ ਨਵੀਂ ਮਾਈਨਿੰਗ ਨੀਤੀ ਲਿਆਉਣ ਦਾ ਐਲਾਨ ਵੀ ਕੀਤਾ ਗਿਆ ਹੈ। ਸੋਮਵਾਰ ਵਜ਼ਾਰਤ ਦੀ ਮੀਟਿੰਗ ਵਿਚ ਰੇਤ ਮਾਫ਼ੀਏ ਨੂੰ ਠੱਲ੍ਹਣ ਅਤੇ ਪੀਪੀਏ ਬਾਰੇ ਵਾਈਟ ਪੇਪਰ ਲਿਆਉਣ ਬਾਰੇ ਚਰਚਾ ਕੀਤੀ ਗਈ ਸੀ। ਬੱਸ ਕਿਰਾਏ ਵਿਚ ਛੋਟ ਬਾਰੇ ਅਜੇ ਤਰੀਕ ਦਾ ਐਲਾਨ ਨਹੀਂ ਕੀਤਾ ਗਿਆ। ਕੈਪਟਨ ਨੇ ਕਿਹਾ ਕਿ ਅਗਲੇ ਦੋ ਸਾਲਾਂ ਵਿਚ ਮਿੰਨੀ ਬੱਸਾਂ ਲਈ ਪੰਜ ਹਜ਼ਾਰ ਨਵੇਂ ਰੂਟ ਪਰਮਿਟ ਜਾਰੀ ਕੀਤੇ ਜਾਣਗੇ ਤਾਂ ਕਿ ਸੂਬੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਲਾਭ ਮਿਲ ਸਕੇ। ਅਗਲੇ ਦੋ ਸਾਲਾਂ ਦੌਰਾਨ 52 ਸੀਟਾਂ ਵਾਲੀਆਂ ਬੱਸਾਂ ਲਈ 2000 ਹੋਰ ਰੂਟ ਪਰਮਿਟ ਦਿੱਤੇ ਜਾਣਗੇ। ਸੂਬੇ ਦੀ ਟਰਾਂਸਪੋਰਟ ਨੀਤੀ ਦੇ ਮੁੱਦੇ 'ਤੇ ਹਾਕਮ ਧਿਰ ਦੇ ਕਈ ਮੈਂਬਰਾਂ ਤੇ 'ਆਪ' ਵਲੋਂ ਕੀਤੀ ਜਾ ਰਹੀ ਤਿੱਖੀ ਆਲੋਚਨਾ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਮਾਮਲਾ ਕਾਨੂੰਨੀ ਕਾਰਵਾਈ ਅਧੀਨ ਹੈ। ਜਦ ਵੀ ਮਸਲਾ ਹੱਲ ਹੋਇਆ ਤਾਂ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

# ਸੈਕਰਾਮੈਂਟੋ, ਕੈਲੀਫੋਰਨੀਆ ਚ ਗੁਰੂ ਨਾਨਕ ਦੇਵ ਜੀ ਤੇ ਦਸਤਾਵੇਜ਼ੀ ਫਿਲਮ ਦਰਸ਼ਕਾਂ ਨੇ ਉਤਸ਼ਾਹ ਨਾਲ ਦੇਖੀ



ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)- ਸੈਕਰਾਮੈਂਟੋ ਦੇ ਮਿਰਾਜ ਬੈਂਕੁਟ ਹਾਲ ਵਿੱਚ 700 ਤੋਂ ਵੱਧ ਦਰਸ਼ਕ ਗੁਰੂ ਨਾਨਕ ਦੇਵ ਜੀ ਦੀ ਦਸਤਾਵੇਜ਼ੀ ਫਿਲਮ ਦਾ ਪ੍ਰੀਮੀਅਰ ਦੇਖਣ ਲਈ ਆਏ। ਇਹ ਨੈਸ਼ਨਲ ਸਿੱਖ ਮੂਹਿੰਮ ਦੀ ਸਥਾਨਕ ਟੀਮ ਦੁਆਰਾ ਆਯੋਜਿਤ ਕੀਤਾ ਗਿਆ ਸੀ। ਗੁਰੂ ਨਾਨਕ ਦਾ ਸਿੱਖ ਫਾਰ ਲਾਈਫ ਐਂਡ ਲੀਗੇਸੀ ਦੇ ਸਿਰਲੇਖ ਵਾਲੀ ਇਹ ਫਿਲਮ ਆਊਟੂਰ ਪ੍ਰੋਡਕਸ਼ਨਜ਼ ਦੁਆਰਾ ਬਣਾਈ ਗਈ ਹੈ ਅਤੇ ਇਹ ਪੀਬੀਐਸ ਚੈਨਲ ਦੁਆਰਾ ਪੂਰੇ ਅਮਰੀਕਾ ਦੇ 200 ਟੀਵੀ ਸਟੇਸ਼ਨਾਂ ਤੇ ਪ੍ਰਦਰਸ਼ਿਤ ਕੀਤੀ ਜਾਵੇਗੀ। ਨੈਸ਼ਨਲ ਸਿੱਖ ਮੁਹਿੰਮ ਨੇ ਇਸ ਡਾਕੂਮੈਂਟਰੀ ਨੂੰ ਬਣਾਉਣ ਵਿਚ ਸਹਾਇਤਾ ਕੀਤੀ ਹੈ। ਐਨਐਸਸੀ ਦੀ ਟੀਮ ਨੇ ਵੱਖ-ਵੱਖ ਨੇਤਾਵਾਂ, ਚੁਣੇ ਹੋਏ ਨੁਮਾਇੰਦਿਆਂ ਅਤੇ ਪੁਲਿਸ ਅਧਿਕਾਰੀਆਂ ਦਾ ਪ੍ਰਭਾਵਸ਼ਾਲੀ ਪੈਨਲ ਇਕੱਠਾ ਕੀਤਾ ਸੀ, ਫਿਲਮ ਦੇ ਖ਼ਤਮ ਹੋਣ ’ਤੇ ਦਰਸ਼ਕਾਂ ਵਲੋਂ ਪ੍ਰਸ਼ੰਸਾ ਹੋਈ ਅਤੇ ਲੋਕਾਂ ਨੇ ਫਿਲਮ ਨਿਰਮਾਤਾ ਜੈਰਲਡ ਕ੍ਰੇਲ ਨੂੰ ਉਸਦੇ ਕਲਾਤਮਕ ਯੋਗਦਾਨ ਲਈ ਧੰਨਵਾਦ ਕੀਤਾ। ਐਨਐਸਸੀ ਦੇ ਬੋਰਡ ਮੈਂਬਰ ਡਾ: ਲਖਵਿੰਦਰ ਸਿੰਘ ਰੰਧਾਵਾ ਨੇ ਹਾਜ਼ਰੀਨ ਦਾ ਸਵਾਗਤ ਕਰਦਿਆਂ ਕਿਹਾ, “ਇਹ ਦਸਤਾਵੇਜ਼ੀ ਭਾਈਚਾਰੇ ਦੇ ਮੈਂਬਰਾਂ ਦੇ ਸਹਿਯੋਗ ਨਾਲ ਬਣਾਈ ਗਈ ਹੈ ਅਤੇ ਇਹ ਸ਼ਾਨਦਾਰ ਨਤੀਜਾ ਰਿਹਾ। ਅਸੀਂ ਫਿਲਮ ਨਿਰਮਾਤਾਵਾਂ ਦੀ ਉਨ੍ਹਾਂ ਦੀ ਸਖਤ ਮਿਹਨਤ ਅਤੇ ਗੁਰੂ ਨਾਨਕ ਦੇਵ ਜੀ ਦੀ ਕਥਾ ਨੂੰ ਬਹੁਤ ਹੀ ਦਿਲਚਸਪ ਢੰਗ ਨਾਲ ਪੇਸ਼ ਕਰਨ ਲਈ ਤਹਿ ਦਿਲੋਂ ਧੰਨਵਾਦੀ ਹਾਂ।

# ਚੌਥਾ ਕੰਨਿਆ ਦਾਨ ਸਮਾਗਮ ਕਰਵਾਇਆ



**ਜਲੰਧਰ-** ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆ ਦਾਨ ਸੰਸਥਾ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 543ਵੇਂ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਪੁਰਬ ਨੂੰ ਸਮਰਪਿਤ 5 ਲੋੜਵੰਦ ਲੜਕੀਆਂ ਦੇ ਸਮੂਹਿਕ ਆਨੰਦ ਕਾਰਜ 1 ਮਾਰਚ ਦਿਨ ਐਤਵਾਰ ਨੂੰ ਸਨਰਾਈਜ਼ ਕਮਿਊਨਿਟੀ ਸੈਂਟਰ, ਰੰਧਾਵਾ ਮਸੰਦਾਂ ਵਿਖੇ ਕੀਤੇ ਗਏ। ਸੰਸਥਾ ਸੰਸਥਾਪਕ ਸਤਪਾਲ ਮਹੇ (ਯੂ. ਏ. ਈ.) ਤੇ ਪੰਜਾਬ ਪ੍ਰਧਾਨ ਬੀਰ ਚੰਦ ਸੁਰੀਲਾ ਅਤੇ ਸਾਥੀਆਂ ਦੇ ਸਹਿਯੋਗ ਸਦਕਾ ਚੌਥਾ ਕੰਨਿਆ ਦਾਨ ਸਮਾਗਮ ਬੜੇ ਸੁਚੱਜੇ ਢੰਗ ਨਾਲ ਸੰਪੂਰਨ ਹੋਇਆ। ਜਿਸ ਵਿਚ ਪੰਜ ਸਮੂਹਿਕ ਵਿਆਹ ਕੀਤੇ ਗਏ। ਇਹਨਾਂ ਵਿਚ ਪ੍ਰਵਾਸੀ ਵੀਰਾਂ ਤੇ ਸੰਸਥਾ ਦੇ ਮੈਂਬਰਾਂ ਦਾ ਉੱਘਾ ਯੋਗਦਾਨ ਰਿਹਾ। ਇਸ ਮੌਕੇ ਸੰਸਥਾ ਦੇ ਅਹੁਦੇਦਾਰਾਂ ਤੇ ਮੈਂਬਰਾਂ ਵਿਚ ਸ੍ਰੀ ਸੁਰੇਸ਼ ਕੁਮਾਰ ਕਲੈਤ, ਹਰਜਿੰਦਰ ਕੁਮਾਰ ਕਲੇਰ, ਐਡਵੋਕੇਟ ਜਗਜੀਵਨ ਰਾਮ, ਸੰਤ ਜਗੀਰ ਸਿੰਘ (ਸਰਬੱਤ ਭਲਾ ਆਸ਼ਰਮ ਮਕਸੂਦਾਂ, ਰਾਜ ਕੁਮਾਰ ਸਰਪੰਚ ਨੂਰਪੁਰ, ਸੁਰਜੀਤ ਲਾਲ ਵਿਰਦੀ ਸਰਪੰਚ ਬੁਲੰਦਪੁਰ, ਹਰੀਸ਼ ਵਿਰਦੀ, ਬਲਜੀਤ ਭੱਟੀ, ਰੇਸ਼ਮ ਸਿੰਘ ਭੋਗਪੁਰ, ਸਰਵਣ ਸਿੰਘ, ਪਰਮਜੀਤ ਜੱਸਲ, ਡਾ. ਸੁਰਿੰਦਰ ਪਾਲ ਜਨਾਗਲ, ਮਦਨ ਸਿੰਘ, ਡਾ. ਮੱਖਣ ਲਾਲ, ਤਰਸੇਮ ਬੱਧਣ, ਦਵਿੰਦਰ ਸੁਰੀਲਾ, ਬਲਰਾਜ ਸਿੰਘ, ਮਹਿੰਦਰ ਲਾਲ ਸਰਪੰਚ, ਹਰੀਸ਼ ਕੁਮਾਰ, ਮਦਨ ਲਾਲ, ਮਦਨ ਸਿੰਘ, ਅਵਿਨਾਸ਼ ਵਿਰਦੀ, ਸ੍ਰੀ ਮਹਿੰਦਰ ਰਾਮ ਝੱਲੀ, ਇੰਜੀ. ਜਗਦੀਪ ਵਾਲੀਆ, ਗਿਆਨ ਚੰਦ ਸਕੱਤਰ, ਪ੍ਰਘਧਾਨ ਪਰਮਜੀਤ ਸਿੰਘ, ਸੰਸਾਰ ਚੰਦ, ਸੰਦੀਪ, ਵਿਜੇ ਕੁਮਾਰ ਇਟਲੀ, ਰਾਕੇਸ਼ ਕੁਮਾਰ ਇਟਲੀ, ਸੁਖਵਿੰਦਰ ਸਿੰਘ, ਨਛੱਤਰ ਕੁਮਾਰ, ਸੰਜੇ ਭੱਟੀ ਆਦਿ ਹਾਜ਼ਰ ਸਨ।

# ਅੰਬੇਡਕਰਾਇਟ ਲੀਗਲ ਫੋਰਮ ਵੱਲੋਂ ਦਿੱਲੀ ਵਿਚ ਹੋਈ ਹਿੰਸਾ ਦੀ ਘੋਰ ਨਿੰਦਾ



**ਜਲੰਧਰ-** ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਦੇ ਮੈਂਬਰਾਂ ਵੱਲੋਂ 29 ਫਰਵਰੀ 2020 ਨੂੰ ਇਕ ਵਿਸ਼ੇਸ਼ ਮੀਟਿੰਗ ਪ੍ਰਧਾਨ ਐਡਵੋਕੇਟ ਪ੍ਰਿਤਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਫੋਰਮ ਦੇ ਮੈਂਬਰਾਂ ਨੇ ਪਿਛਲੇ ਦਿਨੀਂ ਦਿੱਲੀ ਵਿਖੇ ਕੱਟੜਪ-ਥੀਆਂ ਵੱਲੋਂ ਕੀਤੀ ਹਿੰਸਾ ਵਿਚ ਅਨੇਕਾਂ ਨਿਰਦੋਸ਼ ਵਿਅਕਤੀਆਂ ਦੀਆਂ ਹੋਈਆਂ ਮੌਤਾਂ ਦੀ ਘੋਰ ਨਿੰਦਾ ਕੀਤੀ। ਫੋਰਮ ਦੇ ਮੈਂਬਰਾਂ ਵੱਲੋਂ ਕੇਂਦਰ ਸਰਕਾਰ ਅਤੇ ਪੁਲਿਸ ਵੱਲੋਂ ਇਸ ਮਾਮਲੇ ਵਿਚ ਢਿੱਲੜ ਰਵੱਈਆ ਅਪਣਾਉਣ ਦਾ ਅਤੇ ਦੋਸ਼ੀਆਂ ਖ਼ਿਲਾਫ਼ ਕੋਈ ਵੀ ਸਖ਼ਤ ਕਾਰਵਾਈ ਨਾ ਕਰਨ ਦੀ ਵੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ। ਇਹਨਾਂ ਘਟਨਾਵਾਂ ਨੂੰ ਲੈ ਕੇ ਪੂਰੇ ਦੇਸ਼ ਵਿਚ ਬਹੁਤ ਹੀ ਤਣਾਅ ਪੂਰਨ ਮਾਹੌਲ ਬਣ ਗਿਆ ਹੈ। ਧਰਮ ਦੇ ਆਧਾਰ ਤੇ ਲੋਕਾਂ ਵਿਚ ਆਪਸੀ ਨਫ਼ਰਤ ਫੈਲਾਈ ਜਾ ਰਹੀ ਹੈ ਜੋ ਕਿ ਇਨਸਾਨੀਅਤ ਦੇ ਖ਼ਿਲਾਫ਼ ਹੈ। ਦਿੱਲੀ ਦੇ 1984 ਦੇ ਕਤਲੇਆਮ ਦਾ ਜ਼ਖਮ ਹਾਲੇ ਭਰਿਆ ਨਹੀਂ ਹੈ ਤੇ ਕੁਝ ਰਾਜਨੀਤਿਕ ਲੋਕ ਫਿਰ ਤੋਂ ਉਹੀ ਮਾਹੌਲ ਬਣਾਉਣਾ ਚਾਹੁੰਦੇ ਹਨ। ਜੋ ਇਹ ਹਿੰਸਾ ਵਿਚ ਸ਼ਾਮਲ ਹਨ, ਚਾਹੇ ਉਹ ਕਿਸੇ ਵੀ ਰਾਜਨੀਤਿਕ ਦਲ ਨਾਲ ਸਬੰਧ ਰੱਖਦੇ ਹੋਣ, ਉਹਨਾਂ ਦੇ ਖ਼ਿਲਾਫ਼ ਕੇਂਦਰ ਸਰਕਾਰ ਨੂੰ ਸਖ਼ਤ ਕਦਮ ਉਠਾਉਣੇ ਚਾਹੀਦੇ ਹਨ, ਜਿਸ ਨਾਲ ਦੇਸ਼ ਵਿਚ ਸ਼ਾਂਤੀ ਦਾ ਮਾਹੌਲ ਬਣੇ।

# ਇਨਾਮ ਵੰਡ ਸਮਾਗਮ ਮੌਕੇ ਦਾਨੀਆਂ ਵਲੋਂ ਸਕੂਲ ਨੂੰ 35000 ਭੇਂਟ




**ਸ਼ਾਮਚੁਰਾਸੀ (ਚੁੰਬਰ) –** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਸਾਣੀਆਂ ਦਾ ਸਲਾਨਾ ਇਨਾਮ ਵੰਡ ਸਮਾਗਮ ਸਕੂਲ ਪ੍ਰਿੰ. ਸਰਬਜੀਤ ਸਿੰਘ ਦੀ ਅਗਵਾਈ ਵਿਚ ਕਰਵਾਇਆ ਗਿਆ। ਪਿੰਡ ਦੇ ਹੀ ਰਿਟਾ. ਮਾਸਟਰ ਅਮਰਜੀਤ ਸਿੰਘ, ਮਾਸਟਰ ਜਸਪਾਲ ਸਿੰਘ, ਮੈਡਮ ਜਸਵੀਰ ਕੌਰ ਤੇ ਸਰਪੰਚ ਅਮਰਜੋਤੀ ਸ਼ਰਮਾਂ ਸਮਾਗਮ ਵਿਚ ਵਿਸ਼ੇਸ਼ ਮੁੱਖ ਮਹਿਮਾਨ ਵਜੋਂ ਪਹੁੰਚੇ। ਇਸ ਮੌਕੇ ਬੱਚਿਆਂ ਵਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿਚ ਕਵਿਤਾ, ਗਿੱਧਾ, ਸਕਿੱਟਾਂ ਅਤੇ ਲੋਕ ਗੀਤਾਂ ਨਾਲ ਆਏ ਹੋਏ ਪਤਵੰਤਿਆਂ ਦਾ ਮਨੋਰੰਜਨ ਕੀਤਾ। ਇਸ ਮੌਕੇ ਪੜ੍ਹਾਈ ਅਤੇ ਜਿਲ੍ਹੇ ’ਚੋ ਖੇਡਾਂ ਵਿਚ ਮੱਲਾਂ ਮਾਰਨ ਵਾਲੇ ਛੇਵੀਂ ਤੋਂ ਬਾਰ੍ਹਵੀਂ ਕਲਾਸ ਦੇ ਸਾਰੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਮਾਸਟਰ ਅਮਰਜੀਤ ਸਿੰਘ ਵਲੋਂ ਸਕੂਲ ਦੀ ਭਲਾਈ ਲਈ 10000 ਅਤੇ ਉਹਨਾਂ ਦੀ ਬਦੌਲਤ ਪਿੰਡ ਦੇ ਐਨ ਆਰ ਆਈ ਵਲੋਂ 20000 ਅਤੇ ਮਾ. ਜਸਪਾਲ ਸਿੰਘ ਵਲੋਂ 5100 ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਪ੍ਰਿੰ. ਸਰਬਜੀਤ ਸਿੰਘ ਵਲੋਂ ਆਏ ਹੋਏ ਮਹਿਮਾਨਾਂ ਦਾ ਇਸ ਕਾਰਜ ਲਈ ਦਾ ਧੰਨਵਾਦ ਕੀਤਾ। ਇਸ ਮੌਕੇ ਕੁਲਵੀਰ ਸਿੰਘ, ਅਸ਼ਵਨੀ ਕੁਮਾਰ, ਮਨੋਜ ਕੁਮਾਰ ਵਿਰਦੀ, ਵਿਜੇ ਕੁਮਾਰ, ਅਰੁਣ, ਹਰਦੀਪ ਕੌਰ, ਗੁਰਿੰਦਰ ਕੌਰ, ਦਲਜੀਤ ਕੌਰ, ਪਾਰੁਲ ਕਪੂਰ, ਕਾਂਤਾ ਕੁਮਾਰੀ, ਗੁਰਪ੍ਰੀਤ ਕੌਰ ਤੇ ਸਮੂਹ ਐਸ ਐਮ ਸੀ ਮੈਂਬਰ ਹਾਜ਼ਰ ਸਨ।





# ਸਿੱਖ ਕੌਂਸਲ ਆਫ ਕੈਲੀਫੋਰਨੀਆਂ ਵੱਲੋਂ 14 ਮਾਰਚ ਨੂੰ ਵਿਸ਼ੇਸ਼ ਸੈਮੀਨਾਰ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸੈਂਟਰਲ ਕੈਲੀਫੋਰਨੀਆਂ ਦੇ ਸਮੂੰਹ ਗੁਰੂਘਰਾਂ ਦੀ ਸਾਂਝੀ ਕਮੇਟੀ 'ਸਿੱਖ ਕੌਂਸ਼ਲ ਆਫ ਸੈਂਟਰਲ ਕੈਲੀਫੋਰਨੀਆਂ' ਵੱਲੋਂ 14 ਮਾਰਚ 2020, ਦਿਨ ਸ਼ਨੀਵਾਰ ਸਵੇਰੇ 10:30 ਤੋਂ ਸ਼ਾਮ 3:30 ਤੱਕ ਕੈਲੀਫੋਰਨੀਆਂ ਸਟੇਟ ਯੂਨੀਵਰਸਿਟੀ ਦੇ 'ਸੈਟਲਾਈਟ ਸਟੂਡੈਂਟ ਯੂਨੀਅਨ ਹਾਲ' 2485 ਓ. ਅੈਨ੍ਅਮੋਨ, ਛਓ ਵਿੱਚ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਜੋ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਨੂੰ ਸਮਰਪਿਤ ਹੋਵੇਗਾ। ਇਸ ਸੈਮੀਨਾਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਧਾਤਾ ਬਾਰੇ ਪ੍ਰਮੁੱਖ ਚਾਰ ਫ਼ਿਲਾਸਫ਼ਰ ਆਪਣੀ ਖੋਜ ਦੇ ਅਧਾਰਤ ਵਿਚਾਰ ਪੇਸ਼ ਕਰਨਗੇ। ਇਸ ਸੈਮੀਨਾਰ ਦਾ ਮੰਤਵ ਧਰਮ ਤੋਂ ਦੂਰ ਹੋ ਰਹੇ ਸਾਡੇ ਬੱਚਿਆ ਨੂੰ ਧਾਰਮਿਕ ਕਦਰਾ-ਕੀਮਤਾਂ ਤੋਂ ਜਾਣੂ ਕਰਵਾਉਣ, ਗ਼ੈਰ ਸਿੱਖ ਵੱਖ-ਵੱਖ ਧਰਮਾ ਅਤੇ ਦੇਸ਼ਾਂ ਦੇ ਲੋਕਾਂ ਨੂੰ ਸਿੱਖ ਇਤਿਹਾਸ ਅਤੇ ਗੁਰਸਿੱਖੀ ਤੋਂ ਜਾਣੂ ਕਰਵਾਉਣਾ ਹੈ। ਇਸ ਕਰਕੇ ਇਹ ਸਾਰਾ ਸੈਮੀਨਾਰ ਅੰਗਰੇਜ਼ੀ ਭਾਸ਼ਾ ਵਿੱਚ ਹੋਵੇਗਾ। ਇਸ ਵਿੱਚ ਪਹੁੰਚ ਰਹੇ ਪ੍ਰਮੁੱਖ ਚਾਰ ਬੁਲਾਰੇ ਡਾ. ਇਕਤਿਆਰ ਚੀਮਾਂ, ਪ੍ਰੋ. ਬਲਵੰਤ ਸਿੰਘ ਢਿੱਲੋ, ਡਾ. ਪ੍ਰਿਆ ਲਾਲ ਗਰਗ ਅਤੇ ਡਾ. ਸ੍ਰੀ ਮਤੀ ਮਨੀਸਾ ਬੰਗੜ ਹੋਣਗੇ। ਇਸ ਤੋਂ ਇਲਾਵਾ ਹੋਰ ਬੁਲਾਰੇ ਵੀ ਸਿੱਖ ਧਰਮ ਪ੍ਰਤੀ ਜਾਣਕਾਰੀ ਭਰਪੂਰ ਵਿਚਾਰਾ ਦੀ ਸਾਂਝ ਪਾਉਣਗੇ। ਸਮੁੱਚੇ ਪ੍ਰੋਗਰਾਮ ਦੌਰਾਨ ਇਲਾਕੇ ਦੇ ਸ਼ਿਟੀ ਕੌਂਸ਼ਲ ਮੈਂਬਰ ਕਮੇਟੀਆਂ, ਬਹੁਤ ਸਾਰੇ ਵੱਖ-ਵੱਖ ਧਰਮਾਂ ਦੇ ਅਤੇ ਭਾਈਚਾਰਿਆ ਦੇ ਲੋਕ ਹਾਜ਼ਰ ਹੋਣਗੇ। ਜਿੰਨਾਂ ਨੂੰ ਸਿੱਖ ਧਰਮ ਦੀ ਪਹਿਚਾਣ ਅਤੇ ਸਿਧਾਤਾ ਤੋਂ ਜਾਣੂ ਕਰਵਾਇਆ ਜਾਵੇਗਾ। ਸਮੁੱਚਾ ਪ੍ਰੋਗਰਾਮ ਗੁਰੂ ਨਾਨਕ ਦੇਵ ਹੀ ਦੇ ਮਿਸ਼ਨ ਅਤੇ ਸਿਧਾਤਾ 'ਤੇ ਅਧਾਰਤ ਹੋਵੇਗਾ। ਇਸ ਸੈਮੀਨਾਰ ਸੰਬੰਧੀ ਵਧੇਰੇ ਜਾਣਕਾਰੀ ਸੁਖਦੇਵ ਸਿੰਘ ਚੀਮਾ ਨਾਲ ਫ਼ੋਨ ਨੰਬਰ (559) 300-0711 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਪ੍ਰਬੰਧਕਾਂ ਵੱਲੋਂ ਸਮੁੱਚੇ ਪੰਜਾਬੀ ਅਤੇ ਅਮਰੀਕਨ ਭਾਈਚਾਰੇ ਨੂੰ ਸੈਮੀਨਾਰ ਵਿੱਚ ਸਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ।




# ਐਸਮੇਰਲਡਾ ਸੋਰੀਆ ਆਪਣੀ ਚੋਣ ਮੁਹਿੰਮ ਦੌਰਾਨ ਹੋਈ ਪੰਜਾਬੀ ਭਾਈਚਾਰੇ ਦੇ ਰੂਬਰੂ





**ਸੈਲਮਾਂ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਐਸਮੇਰਲਡਾ ਸੋਰੀਆ ਜੋ ਫਰਿਜ਼ਨੋ ਸਿਟੀ ਦੀ ਕੌਂਸ਼ਲ ਮੈਂਬਰ ਵੀ ਹੈ। ਉਸ ਨੇ ਹਮੇਸਾ ਸਾਡੇ ਸਮੁੱਚੇ ਭਾਈਚਾਰੇ ਦਾ ਸਮਰਥਨ ਅਤੇ ਵਿਸ਼ਵਾਸ ਪ੍ਰਾਪਤ ਕੀਤਾ ਹੈ। ਉਹ ਆਪਣੇ ਕੰਮਾਂ ਰਾਹੀ ਚੰਗੇ ਨਤੀਜੇ ਦਿੰਦੀ ਹੈ। ਉਸਨੇ ਸਾਡੇ ਸ਼ਹਿਰ ਦੇ ਉਨ੍ਹਾਂ ਖੇਤਰਾਂ ਵਿੱਚ ਮਹੱਤਵਪੂਰਣ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਜਿੰਨਾਂ ਨੂੰ ਲੰਬੇ ਸਮੇਂ ਤੋਂ ਅਣਗੌਲਿਆ ਕੀਤਾ ਗਿਆ ਸੀ। ਉਹ ਹਮੇਸਾ ਸਾਡੇ ਵਿਦਿਆਰਥੀਆਂ, ਦੋਸਤਾਂ ਅਤੇ ਪਰਿਵਾਰਾਂ ਲਈ ਖੜਦੀ ਹੈ। ਉਹ ਵਾਅਦਾ ਕਰਦੀ ਹੈ ਕਿ ਸਭ ਲਈ ਮੈਡੀਕਲ ਸਹੂਲਤਾਂ, ਸਭ ਬੱਚਿਆ ਲਈ ਪਹੁੰਚ ਅੰਦਰ ਅਤੇ ਘੱਟ ਫੀਸਾਂ 'ਤੇ ਪੜਾਈ, ਸਾਫ ਸੁੱਥਰੀ ਹਵਾ ਅਤੇ ਪਾਣੀ ਤੋਂ ਇਲਾਵਾ ਬੇਲੋੜੇ ਕਾਰਪੋਰੇਟ ਖਰਚਿਆ ਨੂੰ ਖਤਮ ਕਰਨ ਵਿੱਚ ਸੈਂਟਰਲ ਵੈਲੀ ਦੀ ਅਵਾਜ਼ ਬਣੇਗੀ। ਇਸ ਤੋਂ ਪਹਿਲਾ ਵੀ ਉਹ ਹਮੇਸਾ ਆਪਣੇ ਪੰਜਾਬੀ ਅਤੇ ਸਿੱਖ ਭਾਈਚਾਰੇ ਦੇ ਨਾਲ ਖੜੀ ਹੈ। ਉਸ ਨੇ ਫਰਿਜ਼ਨੋ ਸਿਟੀ ਵੱਲੋਂ 1984 ਦੇ ਹੋਏ ਸਿੱਖ ਕਤਲੇਆਮ ਨੂੰ ਸਿੱਖ ਨਸ਼ਲਕੁਸ਼ੀ ਦਾ ਮਤਾ ਪਾਸ ਕਰਨ ਵਿੱਚ ਮਦਦ ਕੀਤੀ ਸੀ। ਮੈਨੂੰ ਵਿਸ਼ਵਾਸ ਹੈ ਕਿ ਉਹ ਆਪਣੇ 'ਸੈਂਟਰਲ ਵੈਲੀ' ਦੇ ਇਲਾਕੇ ਵਿਚ ਵਧੇਰੇ ਰੋਜ਼ਗਾਰ, ਇਲਾਕੇ ਦੀ ਖ਼ੁਸ਼ਹਾਲੀ ਲਈ ਸਰੋਤ ਲਿਆਏਗੀ। ਇਸ ਕਰਕੇ ਸਭ ਨੂੰ ਕਾਂਗਰਸ ਲਈ ਐਸਮੇਰਲਡਾ ਸੋਰੀਆ ਦਾ 3 ਮਾਰਚ 2020, ਦਿਨ ਮੰਗਲਵਾਰ ਨੂੰ ਆਪਣੀ ਵੋਟ ਦੇ ਕੇ ਸਮਰਥਨ ਕਰਨਾ ਚਾਹੀਦਾ ਹੈ।

# 6 ਮਹੀਨੇ ਪਹਿਲਾਂ ਅਮਰੀਕਾ ਆਏ ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰਕੇ ਹੱਤਿਆ

**ਵਾਈਟੀਅਰ, ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)-** ਮਹਿੰਦਰ ਸਿੰਘ ਸਾਹੀ ਜੋ 6 ਮਹੀਨਿਆਂ ਦੇ ਵੀ ਘੱਟ ਸਮੇਂ ਪਹਿਲਾਂ ਅਮਰੀਕਾ ਆਇਆ ਸੀ। ਇਕ ਸਟੋਰ ਉਪਰ ਕਲਰਕ ਵਜੋਂ ਕੰਮ ਕਰਦਾ ਸੀ, ਦੀ ਅਣਪਛਾਤੇ ਹਮਲਾਵਰ ਨੇ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ। ਦੋ ਬੱਚਿਆਂ ਦਾ ਬਾਪ 31 ਸਾਲਾ ਸਾਹੀ ਨੇ ਰਾਜਸੀ ਸ਼ਰਨ ਲਈ ਅਰਜੀ ਦਿੱਤੀ ਹੋਈ ਸੀ। ਉਹ ਆਪਣੇ ਪੰਜਾਬ ਵਿਚਲੇ ਘਰ ਦੇ ਜੀਆਂ ਦੇ ਗੁਜਾਰੇ ਲਈ ਨਿਰਤੰਰ ਪੈਸੇ ਭੇਜਦਾ ਰਹਿੰਦਾ ਸੀ ਕਿਉਂਕਿ ਉਹ ਪਰਿਵਾਰ ਦਾ ਇਕੋ-ਇਕ ਕਮਾਊ ਮੈਂਬਰ ਸੀ। ਮਿਲੀ ਜਾਣਕਾਰੀ ਅਨੁਸਾਰ ਉਹ 7 ਅਲੈਵਨ ਸਟੋਰ ਵਿਖੇ ਕੰਮ ਕਰਦਾ ਸੀ। ਸ਼ਾਮ 6 ਵਜੇ ਦੇ ਆਸ ਪਾਸ ਇਕ ਸ਼ੱਕੀ ਵਿਅਕਤੀ ਸਟੋਰ ਵਿਚ ਦਾਖਲ ਹੋਇਆ। ਪੁਲਿਸ ਅਨੁਸਾਰ ਉਸ ਦੇ ਹੱਥ ਵਿਚ ਸੈਮੀ ਆਟੋਮੈਟਿਕ ਹੈਂਡਗੰਨ ਸੀ। ਸੀ ਸੀ ਟੀਵੀ ਵੀਡੀਓ ਅਨਸਾਰ ਸਾਹੀ ਗੰਨਮੈਨ ਨਾਲ ਬਹੁਤ ਸਹਿਯੋਗ ਕਰਦਾ ਹੋਇਆ ਨਜਰ ਆ ਰਿਹਾ ਹੈ ਪਰ ਉਸ ਨੇ ਅਚਾਨਕ ਸਾਹੀ ਉਪਰ ਗੋਲੀਆਂ ਦਾਗ ਦਿੱਤੀਆਂ। ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਹਮਲਾਵਰ ਵੱਲੋਂ ਸਾਹੀ ਨੂੰ ਕਈ ਗੋਲੀਆਂ ਮਾਰੀਆਂ ਗਈਆਂ। ਇਸ ਸਬੰਧੀ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਵਾਈਟੀਅਰ ਪੁਲਿਸ ਵਿਭਾਗ ਅਨੁਸਾਰ ਗੋਲੀਬਾਰੀ ਦੌਰਾਨ ਸਟੋਰ ਵਿਚ ਮੌਜੂਦ ਦੋ ਹੋਰ ਗਾਹਕ ਵੀ ਜ਼ਖਮੀ ਹੋਏ ਹਨ। ਹਮਲਾਵਰ ਮੌਕੇ 'ਤੇ ਫਰਾਰ ਹੋ ਗਿਆ ਜਿਸ ਦੀ ਪੁਲਿਸ ਭਾਲ ਕਰ ਰਹੀ ਹੈ।




'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



## Law Office of
## NIRWAN & ASSOCIATES



www.nirwanlaw.com

**Business Incorporation**
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831


# ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਫਰਿਜ਼ਨੋ ਇਲਾਕੇ ਦੀਆਂ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

**(ਸਫਾ 1 ਦੀ ਬਾਕੀ)**

ਨੂੰ ਨਿਹਾਲ ਕੀਤਾ। ਗਰੀਬ ਸਮਾਜ 'ਤੇ ਹੋ ਰਹੇ ਅੱਤਿਆਚਾਰ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਸੰਗਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਤਾਂ ਜੋ ਅਸੀਂ ਗੁਰੂ ਰਵਿਦਾਸ ਜੀ ਦਾ ਸਿਧਾਂਤ ਆਜ਼ਾਦੀ, ਸਮਾਨਤਾ ਅਤੇ ਆਪਸੀ ਭਾਈਚਾਰੇ ਵਾਲੇ ਬੇਗਮਪੁਰੇ ਦੀ ਸਿ-ਰਜਣਾ ਕਰ ਸਕੀਏ। ਪ੍ਰਬੰਧਕ ਕਮੇਟੀ ਵੱਲੋਂ ਸੰਤਾਂ ਨੂੰ ਸਿਰੋਪਾਓ ਨਾਲ ਨਿਵਾਜਿਆ ਗਿਆ। ਇਸ ਸ਼ੁਭ ਆਗਮਨ 'ਤੇ ਗੁਰੂ ਘਰ ਦੇ ਚੇਅਰਮੈਨ ਸ੍ਰੀ ਪ੍ਰੇਮ ਸੋਢੀ, ਪ੍ਰਧਾਨ ਸ੍ਰੀ ਕਰਮ ਸਿੰਘ ਬੰਗੜ ਅਤੇ ਡਾਕਟਰ ਸਤਨਾਮ ਬੰਗੜ, ਤੋਂ ਇਲਾਵਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਸੰਗਤਾਂ ਨੂੰ ਵਧਾਈ ਦਿੰਦਿਆਂ ਵਿਚਾਰ ਰੱਖੇ। ਸ੍ਰੀ ਬਿਹਾਰੀ ਰਾਮ ਚਾਹਲ (ਲੇਖਕ), ਬੀਬੀ ਮਨਦੀਪ ਕੌਰ ਅਤੇ ਬੇਟੀ ਆਂਚਲ ਹੇਅਰ ਨੇ ਗੁਰੂ ਜੀ ਦੇ ਕ੍ਰਾਂਤੀਕਾਰੀ ਜੀਵਨ ਨੂੰ ਦਰਸਾਉਂਦੀਆਂ ਕਵਿਤਾਵਾਂ ਪੜ੍ਹੀਆਂ। ਸ੍ਰੀ ਰਾਜ ਬਰਾੜ ਨੇ ਇਕ ਧਾਰਮਿਕ ਗੀਤ ਗਾ ਕੇ ਗੁਰੂ ਪ੍ਰਤੀ ਆਪਣੀ ਸ਼ਰਧਾ ਪ੍ਰਗਟਾਈ। ਪੱਤਰਕਾਰ ਸੋਹਣ ਸਿੰਘ ਸਰਹਾਲ ਮੁੰਡੀ ਦਾ ਲਿਖਿਆ ਅਤੇ ਨੂਰਾਂ ਸਿਸਟਰਜ਼ ਦਾ ਗਾਇਆ ਗੀਤ ਇਸ ਸ਼ੁਭ ਮੌਕੇ 'ਤੇ ਰਿਲੀਜ਼ ਕੀਤਾ ਗਿਆ।

ਮਿਸਟਰ ਜੈਰੀ ਡਾਇਰ ਫਰਿਜ਼ਨੋ ਚੀਫ ਪੁਲਿਸ ਰਹਿ ਚੁੱਕੇ, ਜੋ ਕਿ ਹੁਣ ਫਰਿਜ਼ਨੋ ਦੇ ਮੇਅਰ ਲਈ ਇਲੈਕਸ਼ਨ ਲੜ ਰਹੇ ਨੇ, ਆਪਣੇ ਪਰਿਵਾਰ ਸਮੇਤ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿਚ ਪਹੁੰਚੇ, ਜਿਹਨਾਂ ਨੇ ਆਪਣੇ ਕਾਰਜਕਾਲ ਦੌਰਾਨ ਫਰਿਜ਼ਨੋ ਲਈ ਆਪਣੀਆਂ ਕੀਤੀਆਂ ਸੇਵਾਵਾਂ ਬਾਰੇ ਵਿਸ਼ੇਸ਼ ਚਾਨਣਾ ਪਾਇਆ ਅਤੇ ਸੰਗਤਾਂ ਤੋਂ ਆਪਣੇ ਸਹਿਯੋਗ ਦੀ ਮੰਗ ਕੀਤੀ। ਗੁਰੂ ਘਰ ਵੱਲੋਂ ਮਿਸਟਰ ਜੈਰੀ ਡਾਇਰ ਅਤੇ ਉਹਨਾਂ ਦੀ ਧਰਮ ਪਤਨੀ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਗੁਰੂ ਰਵਿਦਾਸ ਸਭਾ ਯੂਬਾ ਸਿਟੀ ਦੇ ਚੇਅਰਮੈਨ ਗਿਆਨੀ ਗੁਰਨਾਮ ਸਿੰਘ ਭੰਡਾਲ ਅਤੇ ਬੇ-ਏਰੀਆ ਗੁਰੂ ਰਵਿਦਾਸ ਸਭਾ ਦੇ ਚੇਅਰਮੈਨ ਸ੍ਰੀ ਵਿਨੋਦ ਚੁੰਬਰ ਨੇ ਆਪਣੇ ਵਿਚਾਰਾਂ ਰਾਹੀਂ ਸੰਗਤਾਂ ਨੂੰ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਅਤੇ ਦਲਿਤ ਸਮਾਜ 'ਤੇ ਹੋ ਰਹੇ ਅੱਤਿਆਚਾਰਾਂ ਵਿਰੁੱਧ ਲੜਨ ਲਈ ਅਪੀਲ ਕੀਤੀ। ਡਾਕਟਰ ਸਤਨਾਮ ਬੰਗੜ ਅਤੇ ਉਹਨਾਂ ਦੀ ਧਰਮ ਪਤਨੀ ਪ੍ਰੋਮੀਲਾ ਬੰਗੜ ਵੱਲੋਂ ਬਲੱਡ ਡਰਾਨ ਅਤੇ ਮੁਕਤ ਮੈਡੀਕਲ ਕੈਂਪ ਲਗਾਇਆ ਗਿਆ। ਇਲਾਕੇ ਦੀਆਂ ਸਿੱਖ ਜਥੇਬੰਦੀਆਂ ਵੱਲੋਂ ਲੰਗਰ ਦੇ ਸਟਾਲ ਲਾਏ ਗਏ। ਡੇਅ-ਨਾਈਟ ਵੀਡੀਓ ਵਾਲਿਆਂ ਵੱਲੋਂ ਸਰੀਰ ਦੀ ਸੰਭਾਲ ਬਾਰੇ ਸਿਹਤ ਕੈਂਪ ਲਗਾਇਆ ਗਿਆ, ਜਿਸ ਵਿਚ ਮੋਟਾਪੇ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਭਰਪੂਰ ਜਾਣਕਾਰੀ ਦਿੱਤੀ ਗਈ। ਗਰਲਜ਼ ਸਕਾਊਟ ਦੀਆਂ ਬੱਚੀਆਂ ਨੇ ਵਾਤਾਵਰਣ ਸ਼ੁੱਧ ਰੱਖਣ ਲਈ ਰੀ-ਸਾਈਕਲਿੰਗ ਦੀ ਸੇਵਾ ਬਾਖੂਬੀ ਨਿਭਾਈ। ਲੰਗਰ ਹਾਲ 'ਚ ਲੰਗਰਾਂ ਦੀ ਸੇਵਾ ਸਮੂਹ ਸੰਗਤਾਂ ਨੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਕੀਤੀ। ਦਿਲਬਾਗ ਬੰਗੜ ਵੱਲੋਂ ਜੱਸ ਪੰਜਾਬੀ ਟੀ. ਵੀ. ਲਈ ਵੀਡੀਓ ਤਿਆਰ ਕੀਤੀ।

ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਅਤੇ ਵੱਖ-ਵੱਖ ਬੁਲਾਰਿਆਂ ਨੇ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੇ ਸੰਪਾਦਕ ਅਤੇ ਉਘੇ ਪੱਤਰਕਾਰ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਹਨਾਂ ਨੇ ਸ਼ਨਿਚਰਵਾਰ ਅਤੇ ਐਤਵਾਰ ਦੇ ਸਾਰੇ ਪ੍ਰੋਗਰਾਮਾਂ ਦੀ ਲਾਈਵ ਕਵਰੇਜ ਕੀਤੀ। ਸ੍ਰੀ ਨਿਸ਼ਾਨ ਸਾਹਿਬ ਅਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਸ੍ਰੀ ਕੁਲਬੀਰ ਸਿੰਘ ਹੇਅਰ ਪਰਿਵਾਰ ਨੇ ਨਿਭਾਈ। ਗੁਰੂ ਘਰ ਵੱਲੋਂ ਹੇਅਰ ਪਰਿਵਾਰ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੀਬੀਆਂ ਨੇ ਲੋਹੜੀ ਦੇ ਮੌਕੇ 'ਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਲਈ ਮਾਇਆ ਇਕੱਠੀ ਕੀਤੀ।

ਗੁਰੂ ਘਰ ਦੀ ਪਾਰਕਿੰਗ ਵਿਚ ਲੱਗੇ ਵੱਖ-ਵੱਖ ਸਟਾਲ ਅਤੇ ਸਿਹਤ ਕੈਂਪ ਇਸ ਧਾਰਮਿਕ ਸਮਾਗਮ ਦੀ ਹੋਰ ਵੀ ਰੌਣਕ ਵਧਾ ਰਹੇ ਸਨ। ਗੁਰੂ ਘਰ ਦੇ ਸਟੇਜ ਸਕੱਤਰ ਸ੍ਰੀ ਦੇਸ ਰਾਜ ਬੰਗੜ ਨੇ ਬਹੁਤ ਹੀ ਸੂਝਵਾਨ ਤਰੀਕੇ ਨਾਲ ਸਟੇਜ ਦੀ ਸੇਵਾ ਨਿਭਾਉਂਦਿਆਂ ਜਿਥੇ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਧੰਨਵਾਦ ਕੀਤਾ, ਉਥੇ ਉਹਨਾਂ ਨੇ ਗੁਰੂ ਘਰ ਦੀ ਨਵੀਂ ਉਸਾਰੀ ਜਾਣ ਵਾਲੀ ਬਿਲਡਿੰਗ ਬਾਰੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਅਸੀਂ ਸਾਰੇ ਰਲ-ਮਿਲ ਕੇ ਤਨ, ਮਨ ਧਨ ਨਾਲ ਸੇਵਾ ਕਰਕੇ ਆਪਣਾ ਜੀਵਨ ਸਫਲਾ ਕਰੀਏ।

ਇੱਥੇ ਇਹ ਵਰਣਨਯੋਗ ਹੈ ਕਿ ਸਮੂਹ ਪ੍ਰਬੰਧਕ ਕਮੇਟੀ ਦੇ ਮੈਂਬਰਾਨ ਹਰਬੰਸ ਬੱਧਣ, ਪਿਰਥੀ ਪਾਲ ਮਹਿਮੀ, ਕੁਲਦੀਪ ਸਿੰਘ ਬੰਗੜ, ਕੁਲਦੀਪ ਸਿੰਘ ਹੈਨਫੋਰਡ, ਸਲੇਮ ਕਲੇਰ ਅਤੇ ਰਾਜ ਕੁਮਾਰ ਜੱਸੀ ਆਦਿ ਨੇ ਤਨ, ਮਨ ਧਨ ਨਾਲ ਸੇਵਾ ਨਿਭਾਈ।

## ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।










ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ।

ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।

## Shingara Singh Ralh (President)
## and Ralh Family
## Sri Guru Ravidass Temple Yuba City (CA)








ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।

## Ram Sewak Bhatia (Head Treasurer)
## Sri Guru Ravidass Temple Yuba City (California)
## & Bhatia Family



Mr. Bakshi Ram Ji and his sons Ram Sewak Bhatia, Ram Gopal Bhatia, Raj Kumar Bhatia, Bruce Bhatia, Ram Murti Bhatia

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥





ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ





ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ।

ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।

## ਸ. ਅਵਤਾਰ ਸਿੰਘ ਡੌਡ ਅਤੇ ਉਹਨਾਂ ਦਾ ਪਰਿਵਾਰ



ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥



ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ



ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ



ਸ੍ਰੀ ਗੁਰਦਾਸ ਰਾਮ ਭੁੱਟਾ, ਸ੍ਰੀ ਨੰਦ ਲਾਲ ਬੋਲੀਨਾ ਅਤੇ ਸ੍ਰੀ ਆਤਮਾ ਸਿੰਘ (ਸਾਬਕਾ ਪ੍ਰਧਾਨ)

ਸਵਰਗੀ ਸਰਵ ਸ੍ਰੀ ਗੁਰਦਾਸ ਰਾਮ ਭੁੱਟਾ, ਨੰਦ ਲਾਲ ਬੋਲੀਨਾ ਅਤੇ ਆਤਮਾ ਸਿੰਘ (ਤਿੰਨੇ ਹੀ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਫਾਉਂਡਰ ਮੈਂਬਰ)



ਕੇਵਲ ਬੋਲੀਨਾ ਸਾਬਕਾ ਪ੍ਰਧਾਨ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ








ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ।

**Gold Rush**
energy solutions

**Dilwinder Ralh**
Renewable Energy Expert

(530) 933-3938
(866) 55-POWER
goldrushenergy.com
dralh@goldrushenergy.com
4911 Windplay Dr, Suite 4, El Dorado Hills, CA, 95762
ic#96454SP

## Dilwinder Ralh
(Ex President)
## & Ralh Family

Sri Guru Ravidass Temple
Yuba City (California)











ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ।

## Auto Repair & Services
## Specializing in Brakes & Axles

ਬਰੇਕ ਅਤੇ ਐਕਸਲ ਰਿਪੇਅਰ ਅਤੇ ਸਰਵਿਸ ਕਰਨ ਦੇ ਮਾਹਿਰ
ਸਭ ਕਾਰਾਂ ਲਈ ਤੇਲ ਸਰਵਿਸ ਦੇ ਨਾਲ ਮੁਫਤ ਟਾਇਰ ਰੋਟੇਸਨ ਅਤੇ ਇੰਸਪੈਕਸ਼ਨ

10% of any repair of $ $75.00 or More

Free Tire Rotation and Brake Inspection with purchase of Oil Service for most cars



Diagnose check Engine light pre-buyers inspection tune-ups and more
Dealer Recommended Service Shocks/Struts A/C Servics

Ph: 916-238-4431
649 W. Elkhorn Blvd. Suite B2
Rio Linda, CA 95673

9:00 AM to 6:00 PM Mon-Sat



Amarjit Sandhu









## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਸਲਾਨਾ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ



ਤੀਰਥ ਸਿੰਘ ਸੋਹਲ

**ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਦਾਨ ਕਰੋ ਜੀ।**

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube




* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

530-824-5134

### ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

### NEW & USED TIRES

### WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop

# ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਫਰਿਜ਼ਨੋ ਇਲਾਕੇ ਦੀਆਂ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

























# ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਫਰਿਜ਼ਨੋ ਇਲਾਕੇ ਦੀਆਂ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ































# ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਫਰਿਜ਼ਨੋ ਇਲਾਕੇ ਦੀਆਂ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ






















# SUPREME COUNCIL SRI GURU RAVIDASS SABHAS

## U.S.A

## 2150 Crestview Drive, Pittsburg, CA 94565





ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ



ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਸਲਾਨਾ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ।

**ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।**

# "DHAN DHAN SHRI GURU RAVIDASS JI MAHARAJ"

Supreme Council, Sri Guru Ravidass Sabhas USA is immensely pleased and proud to congratulate Shri Guru Ravidass Sabha Sacramento on the auspicious occasion of celebrating 643rd Birth Anniversary of Guru Ji on March 8th, 2020 (Sunday) alongwith its usual grandeur and dignity of beautiful Pageants in the Annual Public Parade (20th NAGAR KIRTAN).

DIVINE MESSAGE OF SRI GURU RAVIDASS JI: - As we learn from the spiritual teachings of Sri Guru Ravidass Ji, all human beings emerge from the same divine flame and the same creator pervades through them all. The four- fold classification of society into Brahmins, Kshatriyas, Vaishya and Shudras is all man-made to maintain the fake and artificial superiority of priestly classes which has infected the entire social organism with the venom of social divisions, hate and prejudice. Sri Guru Ravidass Ji was never tempted by any material possessions which we see so widespread in the modern era. His mission reflects the intuitive insight for the entire mankind to follow the path of truthfulness and righteousness which he preached during his long life of 125 years.

Shri Guru Ravidass Ji was among the pioneers of the Great Bhagti Movement during the 14th and 15th centuries and his message of equality, liberty and fraternity clearly reflects itself in the Preamble of free India's Constitution enacted with the untiring efforts of Babasaheb Dr. B.R. Ambedkar.

In the end we again appreciate the opportunity for expressing our respectful homage to Sahib Sri Satguru Ravidass Ji's philosophy and teachings and pray to keep illuminating our minds and souls as long as the Sun shines and the stars twinkle.

Our best tribute to the greatness of his sublime ideals is to follow them as a way of our day to day life.

**With best wishes.**

**- O. P. Balley**



**Humble Sewadar,**
**(O.P. Balley) General Secretary**
**Supreme Council**
**Sri Guru Ravidass Sabhas USA**








ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।

## ਹੰਸ ਰਾਜ ਕਾਜਲਾ










ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ, 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।



## ਕਰਨੈਲ ਵਿਰਕ, ਦਰਸ਼ਨ ਵਿਰਕ ਅਤੇ ਸਮੂਹ ਵਿਰਕ ਪਰਿਵਾਰ

# ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥










ਜੋਗਿੰਦਰ (ਜੋਇ) ਚੁੰਬਰ ਅਤੇ ਉਹਨਾਂ ਦੀ ਧਰਮ ਪਤਨੀ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ।

ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।

## ਜੋਗਿੰਦਰ (ਜੋਇ) ਚੁੰਬਰ, ਸਾਬਕਾ ਪ੍ਰਧਾਨ,
## ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਸਮੂਹ ਪਰਿਵਾਰ










ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।

## ਬਲਵਿੰਦਰ ਰੱਲ੍ਹ, ਸਾਬਕਾ ਚੇਅਰਮੈਨ,
## ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ)








# INDIA MARKET
SWEETS & SPICES

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।


ਕਸ਼ਮੀਰ ਸਿੰਘ ਹੀਰਾ

## Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com


ਬਰਿੰਦਰ ਬੈਂਗੜ

## Raja
SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets

## Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵ ਵੀਵ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥ ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥



# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

**31252 Veasy Street Union City (CA) 94587**

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ 15 ਮਾਰਚ 2020 ਨੂੰ ਮਨਾਇਆ ਜਾਵੇਗਾ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ **15 ਮਾਰਚ 2020** ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 15 ਮਾਰਚ 2020 ਦਿਨ ਐਤਵਾਰ ਨੂੰ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਵਿਨੋਦ ਕੁਮਾਰ ਚੁੰਬਰ (ਚੇਅਰਮੈਨ)



ਅਜੈਬ ਸਿੰਘ ਸੁੰਡਾ (ਪ੍ਰਧਾਨ)

**ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਦੀ ਨਵੀਂ ਬਿਲਡਿੰਗ ਬਣਨ ਜਾ ਰਹੀ ਹੈ, ਨਵੀਂ ਬਿਲਡਿੰਗ ਦੀ ਉਸਾਰੀ ਲਈ ਤਨ, ਮਨ, ਧਨ ਨਾਲ ਸਹਿਯੋਗ ਕਰੀਏ।**



ਸ਼ਿਵ ਸਿੱਧੂ (ਜਨਰਲ ਸਕੱਤਰ)



ਤਰਲੋਚਨ ਸਿੰਘ ਬੱਧਣ (ਖਜਾਨਚੀ)

## ਜਾਰੀ ਕਰਤਾ

ਵਿਨੋਦ ਕੁਮਾਰ ਚੁੰਬਰ (ਚੇਅਰਮੈਨ), ਹਰਮੇਸ਼ ਲਾਲ ਮਦਾਰਾ (ਵਾਈਸ ਚੇਅਰਮੈਨ), ਅਜੈਬ ਸਿੰਘ ਸੁੰਡਾ (ਪ੍ਰਧਾਨ), ਕੁਲਵੰਤ ਸਿੰਘ ਸਿੱਧੂ (ਸੀਨੀਅਰ ਵਾਈਸ ਪ੍ਰਧਾਨ), ਰਾਮ ਲੁਭਾਇਆ (ਵਾਈਸ ਪ੍ਰਧਾਨ), ਸ਼ਿਵ ਸਿੱਧੂ (ਜਨਰਲ ਸਕੱਤਰ), ਅਮਨਦੀਪ ਸਿੰਘ (ਸਹਾਇਕ ਜਨਰਲ ਸਕੱਤਰ), ਤਰਲੋਚਨ ਸਿੰਘ ਬੱਧਣ (ਖਜਾਨਚੀ), ਸੋਹਣ ਲਾਲ ਝੱਲੀ (ਸਹਾਇਕ ਖਜਾਨਚੀ) ਅਤੇ ਸੁਰਿੰਦਰ ਸੋਨੀ (ਆਡੀਟਰ)

## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥





ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ



**ਸਵਰਗਵਾਸੀ ਸ੍ਰੀ ਅਜੀਤ ਰਾਮ ਬੰਗੜ (ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਫਾਊਂਡਰ ਮੈਂਬਰ, ਸਾਬਕਾ ਪ੍ਰਧਾਨ, ਸਾਬਕਾ ਚੇਅਰਮੈਨ) ਜੀ ਦੇ ਸਮੂਹ ਬੰਗੜ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ**



ਸਵਰਗਵਾਸੀ ਸ੍ਰੀ ਅਜੀਤ ਰਾਮ ਬੰਗੜ

ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।

### ਅੰਤਰਰਾਸ਼ਟਰੀ ਔਰਤ ਦਿਵਸ ਲਈ ਵਿਸ਼ੇਸ਼

# ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ



ਕੁਲਦੀਪ ਚੰਦ
91-9417563054

ਅੱਜ 08 ਮਾਰਚ ਨੂੰ ਦੁਨੀਆ ਦੇ ਵੱਖ ਵੱਖ ਭਾਗਾਂ ਵਿੱਚ ਅੰਤਰ-ਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾ ਰਿਹਾ ਹੈ। ਸਾਰੀ ਦੁਨੀਆਂ ਦੀਆਂ ਮਹਿਲਾਵਾਂ ਦੇਸ਼, ਧਰਮ, ਜਾਤ-ਪਾਤ, ਭਾਸ਼ਾ, ਰਾਜਨੀਤਿਕ ਅਤੇ ਸਮਾਜਿਕ ਵਿਤਕਰੇ ਨੂੰ ਭੁੱਲਕੇ ਇੱਕਜੁੱਟ ਹੋ ਕੇ ਇਸ ਦਿਨ ਨੂੰ ਮਨਾਉਂਦੀਆਂ ਹਨ। ਜੇਕਰ ਇਤਿਹਾਸ ਵੇਖੀਏ ਤਾਂ ਸਮਾਨਤਾ ਦੇ ਅਧਿਕਾਰਾਂ ਦੀ ਇਹ ਲੜਾਈ ਆਮ ਮਹਿਲਾਵਾਂ ਦੁਆਰਾ ਸ਼ੁਰੂ ਕੀਤੀ ਗਈ ਸੀ। ਪ੍ਰਾਚੀਨ ਗ੍ਰੀਸ ਵਿੱਚ ਲੀਸਿਸਟ੍ਰਾਟਾ ਨਾਮ ਦੀ ਇੱਕ ਮਹਿਲਾ ਨੇ ਫ੍ਰੈਂਚ ਕ੍ਰਾਂਤੀ ਦੌਰਾਨ ਯੁੱਧ ਸਮਾਪਤੀ ਦੀ ਮੰਗ ਰੱਖਦੇ ਹੋਏ ਇਸ ਅੰਦੋਲਨ ਦੀ ਸ਼ੁਰੂਆਤ ਕੀਤੀ, ਫਾਰਸੀ ਮਹਿਲਾਵਾਂ ਦੇ ਇੱਕ ਸਮੂਹ ਨੇ ਵਰਸੇਲਸ ਵਿੱਚ ਇਸ ਦਿਨ ਇੱਕ ਮੋਰਚਾ ਕੱਢਿਆ, ਇਸ ਮੋਰਚੇ ਦਾ ਉਦੇਸ਼ ਯੁੱਧ ਦੇ ਕਾਰਨ ਮਹਿਲਾਵਾਂ ਤੇ ਵੱਧਦੇ ਹੋਏ ਅੱਤਿਆਚਾਰਾਂ ਨੂੰ ਰੋਕਣਾ ਸੀ। ਸੰਨ 1909 ਵਿੱਚ ਸੋਸ਼ਲਿਸਟ ਪਾਰਟੀ ਆਫ ਅਮੇਰਿਕਾ ਦੁਆਰਾ ਪਹਿਲੀ ਵਾਰ ਪੂਰੇ ਅਮਰੀਕਾ ਵਿੱਚ 28 ਫਰਵਰੀ ਨੂੰ ਮਹਿਲਾ ਦਿਵਸ ਮਨਾਇਆ ਗਿਆ। ਸੰਨ 1910 ਵਿੱਚ ਸੋਸ਼ਲਿਸਟ ਇੰਟਰਨੈਸ਼ਨਲ ਦੁਆਰਾ ਕੋਪਨਹੈਗਨ ਵਿੱਚ ਮਹਿਲਾ ਦਿਵਸ ਦੀ ਸਥਾਪਨਾ ਹੋਈ। 1911 ਵਿੱਚ ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿੱਟਜ਼ਰਲੈਂਡ ਵਿੱਚ ਲੱਖਾਂ ਮਹਿਲਾਵਾਂ ਦੁਆਰਾ ਰੈਲੀ ਕੱਢੀ ਗਈ। ਵੋਟ ਦਾ ਅਧਿਕਾਰ, ਸਰਕਾਰੀ ਕਾਰਜਕਾਰਨੀ ਵਿੱਚ ਜਗ੍ਹਾ, ਨੌਕਰੀ ਵਿੱਚ ਭੇਦਭਾਵ ਨੂੰ ਖਤਮ ਕਰਨ ਵਰਗੇ ਕਈ ਮੁੱਦਿਆ ਦੀ ਮੰਗ ਇਸ ਰੈਲੀ ਵਿੱਚ ਕੀਤੀ ਗਈ। 1913-14 ਵਿੱਚ ਪਹਿਲੀ ਸੰਸਾਰ ਜੰਗ ਦੇ ਦੌਰਾਨ ਰੂਸੀ ਮਹਿਲਾਵਾਂ ਦੁਆਰਾ ਪਹਿਲੀ ਵਾਰ ਸ਼ਾਂਤੀ ਦੀ ਸਥਾਪਨਾ ਦੇ ਲਈ ਫਰਵਰੀ ਮਹੀਨੇ ਦੇ ਆਖਰੀ ਐਤਵਾਰ ਨੂੰ ਮਹਿਲਾ ਦਿਵਸ ਮਨਾਇਆ ਗਿਆ। ਯੂਰਪ ਵਿੱਚ ਵੀ ਜੰਗ ਦੇ ਖਿਲਾਫ ਪ੍ਰਦਰਸ਼ਨ ਹੋਏ। 1917 ਤੱਕ ਸੰਸਾਰ ਜੰਗ ਵਿੱਚ ਰੂਸ ਦੇ 2 ਲੱਖ ਤੋਂ ਵੱਧ ਫੌਜ਼ੀ ਮਾਰੇ ਗਏ, ਰੂਸੀ ਮਹਿਲਾਵਾਂ ਨੇ ਫਿਰ ਰੋਟੀ ਅਤੇ ਸ਼ਾਂਤੀ ਦੇ ਲਈ ਇਸ ਦਿਨ ਹੜਤਾਲ ਕੀਤੀ। ਹਾਲਾਂਕਿ ਰਾਜਨੇਤਾ ਇਸਦੇ ਖਿਲਾਫ ਸੀ, ਫਿਰ ਵੀ ਮਹਿਲਾਵਾਂ ਨੇ ਇੱਕ ਨਹੀਂ ਸੁਣੀ ਅਤੇ ਆਪਣਾ ਅੰਦੋਲਨ ਜਾਰੀ ਰੱਖਿਆ ਅਤੇ ਆਖਿਰ ਰੂਸ ਦੇ ਜਾਰ ਨੂੰ ਆਪਣੀ ਗੱਦੀ ਛੱਡਣੀ ਪਈ ਅਤੇ ਸਰਕਾਰ ਨੂੰ ਮਹਿਲਾਵਾਂ ਨੂੰ ਵੋਟ ਦੇਣ ਦੇ ਅਧਿਕਾਰ ਦੀ ਘੋਸ਼ਣਾ ਕਰਨੀ ਪਈ। 1995 ਵਿੱਚ ਚੀਨ ਦੇ ਬੀਜਿੰਗ ਵਿੱਚ ਚੌਥੀ ਮਹਿਲਾ ਵਿਸ਼ਵ ਕਾਨਫਰੰਸ ਕਰਵਾਈ ਗਈ ਜਿਸਨੂੰ ਬੀਜਿੰਗ ਘੋਸ਼ਣਾ ਕਿਹਾ ਜਾਂਦਾ ਹੈ। ਮਹਿਲਾ ਦਿਵਸ ਹੁਣ ਲੱਗਭਗ ਸਾਰੇ ਦੇਸ਼ਾਂ ਵਿੱਚ ਹੀ ਮਨਾਇਆ ਜਾਂਦਾ ਹੈ। ਇਹ ਦਿਨ ਮਹਿਲਾਵਾਂ ਨੂੰ ਉਹਨਾਂ ਦੀ ਸ਼ਕਤੀ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤਰੱਕੀ ਦਿਲਵਾਉਣ ਅਤੇ ਉਹਨਾਂ ਮਹਿਲਾਵਾਂ ਨੂੰ ਯਾਦ ਕਰਨ ਦਾ ਦਿਨ ਹੈ ਜਿਹਨਾਂ ਨੇ ਮਹਿਲਾਵਾਂ ਦੇ ਅਧਿਕਾਰ ਦਿਲਵਾਉਣ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ। ਇਸ ਸਬੰਧੀ ਸਾਲ 2020 ਲਈ ਉਦੇਸ਼ ਇਹ ਹੈ" "ਮੈਂ ਪੀੜ੍ਹੀਆਂ ਦੀ ਬਰਾਬਰਤਾ ਹਾਂ: ਮਹਿਲਾਵਾਂ ਦੇ ਅਧਿਕਾਰਾਂ ਨੂੰ ਸਮਝ ਰਹੀ ਹਾਂ"। ਸੰਯੁਕਤ ਰਾਸ਼ਟਰ ਸੰਘ ਨੇ ਮਹਿਲਾਵਾਂ ਦੇ ਬਰਾਬਰਤਾ ਦੇ ਅਧਿਕਾਰ ਨੂੰ ਲਾਗੂ ਕਰਵਾਉਣ ਅਤੇ ਸੁਰੱਖਿਆ ਦੇਣ ਲਈ ਦੁਨੀਆਂ ਭਰ ਵਿੱਚ ਕੁਝ ਨੀਤੀਆਂ, ਪ੍ਰੋਗਰਾਮ ਅਤੇ ਮਾਪਦੰਡ ਨਿਰਧਾਰਤ ਕੀਤੇ ਹਨ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਕਿਸੇ ਸਮਾਜ ਵਿੱਚ ਪੈਦਾ ਹੋਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਹੈ। ਵਿਸ਼ਵ ਦੇ ਕਈ ਦੇਸ਼ਾਂ ਵਿੱਚ ਵਿਸ਼ੇਸ ਤੋਰ ਤੇ ਵਿਕਸਿਤ ਹੋ ਰਹੇ ਦੇਸ਼ਾਂ ਵਿੱਚ ਮਹਿਲਾਵਾਂ ਤੇ ਅਤਿੱਆਚਾਰ ਵਧਦੇ ਜਾ ਰਹੇ ਹਨ। ਭਾਰਤ ਦੇਸ਼ ਜਿਸਦੀ ਕਮਾਂਡ ਲੰਬਾ ਸਮਾਂ ਇੱਕ ਮਹਿਲਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਦੇ ਹੱਥ ਵਿੱਚ ਰਹੀ ਨੇ ਮਹਿਲਾਵਾਂ ਦੀ ਹਾਲਤ ਅਤੇ ਉਨ੍ਹਾਂ ਤੇ ਵਾ-ਪਰਦੀਆਂ ਹਿੰਸਾ ਦੀਆਂ ਘਟਨਾਵਾਂ ਨੂੰ ਵੇਖਦੇ ਹੋਏ ਕਈ ਤਰਾਂ ਦੀਆਂ ਯੋਜਨਾਵਾਂ ਉਲੀਕੀਆਂ ਅਤੇ ਸੱਖਤ ਕਨੂੰਨ ਬਣਾਏ ਹਨ। ਸਾਡੇ ਦੇਸ਼ ਵਿੱਚ ਬੇਸ਼ੱਕ ਇੱਕ ਮਹਿਲਾ ਰਾਸ਼ਟਰਪਤੀ ਤੱਕ ਦੇ ਅਹੁਦੇ ਤੱਕ ਪਹੁੰਚ ਚੁੱਕੀ ਹੈ ਅਤੇ ਸਪੀਕਰ ਤੱਕ ਦੇ ਅਹੁਦੇ ਤੇ ਵੀ ਬੈਠ ਚੁੱਕੀ ਹੈ। ਅੱਜ ਵੀ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਵੱਖ ਵੱਖ ਅਹੁਦਿਆਂ ਰਾਜਪਾਲ, ਮੁੱਖ ਮੰਤਰੀ, ਮੰਤਰੀ, ਡਿਪਟੀ ਕਮਿਸ਼ਨਰ, ਜੱਜ, ਪੁਲਿਸ ਅਫਸਰ ਆਦਿ ਅਹੁਦਿਆਂ ਤੇ ਮਹਿਲਾਵਾਂ ਬੈਠੀਆਂ ਹਨ। ਦੇਸ਼ ਵਿੱਚ ਮਹਿਲਾਵਾਂ ਦੀ ਹੋ ਰਹੀ ਤਰੱਕੀ ਵੇਖਕੇ ਲਗਦਾ ਹੈ ਕਿ ਸਾਡੇ ਦੇਸ ਵਿੱਚ ਮਹਿਲਾਵਾਂ ਨਾਲ ਹੋਣ ਵਾਲੀਆਂ ਹਿੰਸਕ ਘਟਨਾਵਾਂ ਇਤਿਹਾਸ ਦੀਆਂ ਕਹਾਣੀਆਂ ਹਨ, ਪਰ ਇਹ ਸੱਚ ਨਹੀਂ ਹੈ ਅਤੇ ਹਕੀਕਤ ਕੁੱਝ ਹੋਰ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਉਰੋ ਦੇ ਅੰਕੜਿਆ ਅਨੁਸਾਰ ਸਾਲ 2016 ਵਿੱਚ ਇੱਕ ਮਿਲੀਅਨ ਪਿੱਛੇ 3793 ਅਪਰਾਧਿਕ ਘਟਨਾਵਾਂ ਤੋਂ ਸਾਲ 2017 ਵਿੱਚ ਵੱਧਕੇ 3886 ਹੋ ਗਈ ਹੈ ਜੋਕਿ ਖਤਰਨਾਕ ਸੰਕੇਤ ਹੈ। ਰਾਸਟਰੀ ਮਹਿਲਾ ਆਯੋਗ ਦੀ ਸਾਲ 2017-2018 ਦੀ ਰਿਪੋਰਟ ਅਨੁਸਾਰ ਇਸ ਸਮੇਂ ਦੌਰਾਨ ਆਯੋਗ ਕੋਲ ਕੁੱਲ 15381 ਸ਼ਿਕਾਇਤਾਂ ਪਹੁੰਚੀਆਂ ਹਨ। ਸਭ ਤੋਂ ਵੱਧ 8454 ਸ਼ਿਕਾਇਤਾਂ ਉੱਤਰ ਪ੍ਰਦੇਸ਼ ਤੋਂ ਹੀ ਮਿਲੀਆਂ ਹਨ। ਰਾਸ਼ਟਰੀ ਮਹਿਲਾ ਆਯੋਗ ਕੋਲ ਦਾਜ ਲਈ ਤੰਗ ਕਰਨਾ, ਘਰੇਲੂ ਹਿੰਸਾ, ਯੌਨ ਸ਼ੋਸ਼ਣ, ਬਲਾਤਕਾਰ, ਤਲਾਕ, ਪੁਲਿਸ ਦੁਆਰਾ ਅਤਿਆਚਾਰ, ਅਗਵਾ, ਦਾਜ ਸਬੰਧੀ ਮੌਤ, ਤੇਜ਼ਾਬ ਨਾਲ ਹਮਲਾ, ਐਨ ਆਰ ਆਈ ਮੈਰਿਜ ਸਬੰਧੀ ਸ਼ਕਾਇਤਾਂ ਦਰਜ ਹੋਈਆਂ ਹਨ। ਵੱਖ ਵੱਖ ਰਿਪੋਰਟਾਂ ਸਾਬਤ ਕਰਦੀਆਂ ਹਨ ਕਿ ਦੇਸ਼ ਵਿੱਚ ਮਹਿਲਾਵਾਂ ਸੁਰੱਖਿਅਤ ਨਹੀਂ ਹਨ ਅਤੇ ਉਨ੍ਹਾਂ ਨੂੰ ਘਰੋਂ ਅਤੇ ਬਾਹਰੋਂ ਹਰ ਪਾਸੇ ਖਤਰਾ ਹੀ ਖਤਰਾ ਹੈ ਅਤੇ ਕਈ ਵਾਰ ਤਾਂ ਉਹ ਕਨੂੰਨ ਦੇ ਰਾਖਿਆਂ ਪੁਲਿਸ ਤੋਂ ਵੀ ਸੁਰੱਖਿਅਤ ਨਹੀਂ ਹੈ। ਅਜਾਦੀ ਦੇ 72 ਸਾਲਾਂ ਬਾਦ ਵੀ ਦੇਸ਼ ਦੇ ਕਈ ਧਾਰਮਿਕ ਸਥਾਨਾਂ ਅਤੇ ਸਮਾਗਮਾਂ ਵਿੱਚ ਮਹਿਲਾਵਾਂ ਦੇ ਦਾਖਲ ਹੋਣ ਦੀ ਮਨਾਹੀ ਹੈ ਅਤੇ ਇਸ ਤਰਾਂ ਦੇ ਮਾਮਲਿਆਂ ਤੇ ਮਾਣਯੋਗ ਅਦਾਲਤਾਂ ਨੂੰ ਦਖਲਅੰਦਾਜੀ ਕਰਨੀ ਪੈ ਰਹੀ ਹੈ। ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰਿਕ ਦੇਸ਼ ਭਾਰਤ ਵਿੱਚ ਸੰਵਿਧਾਨਿਕ ਤੌਰ ਤੇ ਇੱਕ ਮਹਿਲਾ ਨੂੰ ਸਿੱਖਿਆ ਦਾ, ਵੋਟ ਦੇਣ ਦਾ ਅਧਿਕਾਰ ਅਤੇ ਮੌਲਿਕ ਅਧਿਕਾਰ ਪ੍ਰਾਪਤ ਹਨ ਇਸਦੇ ਬਾਵਜੂਦ ਦੇਸ਼ ਦੀ ਰਾਜਨੀਤੀ ਵਿੱਚ ਵੀ ਮਹਿਲਾਵਾਂ ਦੀ ਗਿਣਤੀ ਨਾਂ ਮਾਤਰ ਹੀ ਹੈ। ਲੋਕ ਸਭਾ ਵਿੱਚ ਮੌਜੂਦਾ ਕੁੱਲ 545 ਮੈਂਬਰਾਂ ਵਿਚੋਂ ਸਿਰਫ 78 ਮਹਿਲਾਵਾਂ ਮੈਂਬਰ ਹਨ, ਰਾਜ ਸਭਾ ਦੇ ਕੁੱਲ 238 ਮੈਂਬਰਾਂ ਵਿੱਚੋਂ ਸਿਰਫ 25 ਮਹਿਲਾਵਾਂ ਹਨ। ਜੇਕਰ ਦੇਸ਼ ਦੀ ਕੈਬਿਨਟ ਵੇਖੀਏ ਤਾਂ ਮੌਜੂਦਾ ਸਮੇਂ 63 ਕੈਬਿਨਟ ਮੰਤਰੀਆਂ, ਅਜਾਦ ਰਾਜ ਮੰਤਰੀਆਂ ਅਤੇ ਰਾਜ ਮੰਤਰੀਆਂ ਵਿੱਚੋਂ ਸਿਰਫ 06 ਹੀ ਮਹਿਲਾਵਾਂ ਹਨ। ਸਾਰੇ ਦੇਸ਼ ਵਿੱਚ ਸਿਰਫ ਇੱਕ ਹੀ ਰਾਜ ਪੱਛਮੀ ਬੰਗਾਲ ਦੀ ਮਹਿਲਾ ਮੁੱਖ ਮੰਤਰੀ ਹੈ। ਪੰਜਾਬ ਵਿਧਾਨ ਸਭਾ ਵਿੱਚ ਵੀ ਮਹਿਲਾਵਾਂ ਦੀ ਨਿਗੂਣੀ ਹਿੱਸੇਦਾਰੀ ਹੈ। 2012 ਵਿੱਚ ਜਿੱਥੇ ਵਿਧਾਨ ਸਭਾ ਵਿੱਚ 14 ਮਹਿਲਾਵਾਂ ਵਿਧਾਇਕ ਸਨ ਹੁਣ 2017 ਵਿੱਚ ਇਹ ਗਿਣਤੀ ਘੱਟਕੇ ਸਿਰਫ 06 ਹੀ ਰਹਿ ਗਈ ਹੈ। ਜੇਕਰ ਪੰਜਾਬ ਦੇ ਕੈਬਿਨਟ ਨੂੰ ਵੇਖੀਏ ਤਾਂ ਮੋਜੂਦਾ ਸਮੇਂ 17 ਕੈਬਿਨਟ ਮੰਤਰੀਆਂ ਵਿੱਚੋਂ ਸਿਰਫ 02 ਮਹਿਲਾਵਾਂ ਨੂੰ ਹੀ ਮੰਤਰੀ ਬਣਾਇਆ ਗਿਆ ਹੈ। ਪੰਜਾਬ ਵਿਚੋਂ ਕੁੱਲ 13 ਲੋਕ ਸਭਾ ਮੈਂਬਰਾਂ ਵਿਚੋਂ ਸਿਰਫ 02 ਮਹਿਲਾ ਲੋਕ ਸਭਾ ਮੈਂਬਰ ਹਨ ਅਤੇ 07 ਰਾਜ ਸਭਾ ਮੈਂਬਰਾਂ ਵਿਚੋਂ ਵੀ ਸਿਰਫ 01 ਹੀ ਮਹਿਲਾ ਰਾਜ ਸਭਾ ਮੈਂਬਰ ਹੈ। ਮਹਿਲਾਵਾਂ ਨੂੰ ਪ੍ਰਤੀਨਿਧਤਾ ਦੇਣ ਲਈ ਸਰਕਾਰ ਵਲੋਂ ਸਥਾਨਕ ਪੱਧਰ ਦੇ ਪੇਂਡੂ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਸਹਿਰੀ ਸ਼ਾਸਨ ਨਗਰ ਕੌਂਸਲ, ਕਾਰਪੋਰੇਸ਼ਨ ਆਦਿ ਵਿੱਚ ਮਹਿਲਾਵਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ। ਬੇਸ਼ੱਕ ਸਥਾਨਕ ਪੱਧਰ ਤੇ ਕਈ ਥਾਵਾਂ ਤੇ ਮਹਿਲਾਵਾਂ ਅਪਣੇ ਅਹੁਦੇ ਦੀ ਪੂਰੀ ਤਰਾਂ ਵਰਤੋਂ ਕਰ ਰਹੀਆਂ ਹਨ ਪਰ ਅਜਿਹੀਆਂ ਮਹਿਲਾਵਾਂ ਦੀ ਗਿਣਤੀ ਕਾਫੀ ਘੱਟ ਹੈ ਜਦਕਿ ਬਹੁਤੀਆਂ ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਉਨ੍ਹਾਂ ਦੇ ਪਰਿਵਾਰ ਦੇ ਕਰੀਬੀ ਪੁਰਸ਼ ਰਿਸ਼ਤੇਦਾਰ ਪਤੀ, ਦਿਉਰ, ਸਹੁਰਾ, ਪੁੱਤਰ ਆਦਿ ਹੀ ਕਰ ਰਹੇ ਹਨ ਅਤੇ ਇਸ ਅਹੁਦੇ ਦਾ ਲਾਭ ਉਠਾ ਰਹੇ ਹਨ। ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਸਿਰਫ ਰਾਜਨੀਤਿਕ ਢਾਂਚੇ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਹੈਰਾਨੀ ਦੀ ਗੱਲ ਹੈ ਕਿ ਲੋਕਤੰਤਰ ਦਾ ਚੋਥਾ ਥੰਮ ਮੀਡੀਆ ਵਿਸ਼ੇਸ ਤੋਰ ਤੇ ਪ੍ਰਿੰਟ ਮੀਡੀਆ ਵੀ ਇਸ ਵਿੱਚ ਪਿੱਛੇ ਨਹੀਂ ਹੈ। ਪ੍ਰਿੰਟ ਮੀਡੀਆ ਵਿੱਚ ਵੀ ਕਈ ਵਿਅਕਤੀ ਅਪਣੇ ਪਰਿਵਾਰ ਦੀਆਂ ਕਰੀਬੀ ਮਹਿਲਾ ਰਿਸ਼ਤੇਦਾਰ ਦੇ ਨਾਮ ਤੇ ਪੱਤਰਕਾਰੀ ਕਰ ਰਹੇ ਹਨ। ਹਾਲਤ ਇੱਥੋਂ ਤੱਕ ਖਸਤਾ ਹੈ ਕਿ ਕਈ ਵਾਰ ਸਰਕਾਰੀ ਅਧਿਕਾਰੀਆਂ ਨੂੰ ਵੀ ਲੰਬਾ ਸਮਾਂ ਇਹ ਭੁਲੇਖਾ ਹੀ ਰਹਿੰਦਾ ਹੈ ਕਿ ਅਸਲੀ ਅਹੁਦੇਦਾਰ ਕੋਣ ਹੈ। ਦੇਸ਼ ਅਤੇ ਸਮਾਜ ਵਿੱਚ ਜਦੋਂ ਵੀ ਕੋਈ ਸਮਸਿਆ ਆਈ ਹੈ ਤਾਂ ਮਹਿਲਾਵਾਂ ਨੇ ਪੁਰਸ਼ਾਂ ਦੇ ਮੌਢੇ ਨਾਲ ਮੌਢਾ ਜੋੜਕੇ ਉਸ ਸਮੱਸਿਆ ਦਾ ਹੱਲ ਕੀਤਾ ਹੈ ਜਿਸਦੀਆਂ ਸੈਂਕੜੇ ਉਦਾਹਰਣਾਂ ਕਾਇਮ ਹਨ। ਮਹਿਲਾ ਦਿਵਸ ਤਾਂ ਹੀ ਸਾਰਥਕ ਹੋਵੇਗਾ ਜਦੋਂ ਮਹਿਲਾਵਾਂ ਨੂੰ ਸੰਪੂਰਨ ਆਜ਼ਾਦੀ ਮਿ-ਲੇਗੀ, ਸਮਾਜ ਦੇ ਹਰੇਕ ਮਹੱਤਵਪੂਰਨ ਫੈਸਲਿਆਂ ਵਿੱਚ ਉਨ੍ਹਾਂ ਦੇ ਨਜ਼ਰੀਏ ਨੂੰ ਮਹੱਤਵਪੂਰਨ ਸਮਝਿਆ ਜਾਵੇਗਾ। ਸਾਡੇ ਨੀਤੀ ਨਿਰਮਾਤਾਵਾਂ ਨੂੰ ਮਹਿਲਾਵਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਅਤ। ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਮਹਿਲਾਵਾਂ ਦੀ ਬਿਹਤਰੀ ਅਤੇ ਹੱਕਾਂ ਦੀ ਰਾਖੀ ਲਈ ਬਣੇ ਕਨੂੰਨਾਂ ਨੂੰ ਸੱਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ ਵਿੱਚ ਮਹਿਲਾਵਾਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ, ਨਹੀਂ ਤਾਂ ਹਰ ਸਾਲ ਇਸ ਦਿਨ ਕਰਵਾਏ ਜਾਣ ਵਾਲੇ ਸਮਾਗਮ ਇੱਕ ਖਾਨਾਪੂਰਤੀ ਹੀ ਬਣਕੇ ਰਹਿ ਜਾਣਗੇ ਅਤੇ ਮਹਿਲਾਵਾਂ ਨੂੰ ਕਦੇ ਵੀ ਯੋਗ ਬਰਾਬਰਤਾ ਵਾਲਾ ਸਥਾਨ ਅਤੇ ਸਨਮਾਨ ਹਾਸਲ ਨਹੀਂ ਹੋਵੇਗਾ।




RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834



Chicago's Pizza with a Twist
Call: 1-209-398-2221









Parvinder Dhesi
Kulwant Sandhu
1471 B St., Unit B, Livingston, CA 95334

# 'ਦਿੱਲੀ ਸੜ੍ਹ ਰਹੀ ਸੀ ਪਰ ਕੇਂਦਰ ਸਰਕਾਰ ਖਮੋਸ਼ ਸੀ'



ਜੰਗ ਸਿੰਘ
91-94170-95965

'ਰੋਮ ਸੜ੍ਹ ਰਿਹਾ ਸੀ, ਨੀਰੋ ਬੰਸਰੀ ਬਜਾ ਰਿਹਾ ਸੀ 'ਇਹ ਇੰਨ ਬਿੰਨ ਹੁਣ ਜਦੋਂ 24 ਫਰਵਰੀ 2020 ਤੋਂ 48 ਘੰਟਿਆ ਲਈ ਦਿੱਲੀ ਸੜ੍ਹ ਰਹੀ ਸੀ ਤੇ ਇਨਾਂ ਹਾਲਾਤਾਂ ਤੇ ਬਿਲਕੁਲ ਮੇਲ ਖਾ ਰਹੀ ਸੀ । ਦਿੱਲੀ ਦੇ ਕੁਝ ਇਲਾਕਿਆ ਵਿਚ ਮਿੱਥੀ ਗਈ ਯੋਜਨਾ ਨਾਲ ਘੱਟ ਗਿਣਤੀਆਂ ਦੇ ਇਕ ਫਿਰਕੇ ਮੁਸਲਮਾਨਾਂ ਨੂੰ ਇਸ ਦਾ ਨਿਸਾਨਾ ਬਣਾਇਆ ਗਿਆ ਉਨਾਂ ਦੀਆਂ ਦੁਕਾਨਾਂ, ਘਰ ਬਾਰ ਤਬਾਹ ਕਰਨ ਦੇ ਨਾਲ ਉਨਾਂ ਨੂੰ ਫਿਰਕਾਪਰਸਤ ਗੁੰਡਿਆਂ ਵਲੋਂ ਬੜੀ ਬੇਰਹਿਮੀ ਨਾਲ ਮਾਰਿਆ ਗਿਆ ਜਿਨਾਂ ਵਿਚ ਮਰਨ ਵਾਲਿਆ ਦੀ ਗਿਣਤੀ 40 ਦੇ ਲਗ ਭਗ ਹੁਣ ਤਕ ਪੁੱਜ ਚੁਕੀ ਹੈ ਹਾਲੇ ਸੈਂਕੜਿਆਂ ਦੀ ਗਿਣਤੀ ਵਿਚ ਲੋਕ ਡੂੰਘੇ ਜਖਮਾਂ ਦਾ ਸੰਤਾਪ ਹਸਪਤਾਲਾਂ ਵਿਚ ਭੋਗ ਰਹੇ ਹਨ । ਤਤਕਾਲੀਨ ਕੇਂਦਰ ਸਰਕਾਰ ਦੀ ਨੱਕ ਥਲੇ ਦਿੱਲੀ ਵਿਖੇ ਪਹਿਲਾਂ 1984 ਵਿਚ ਖੇਡਿਆ ਇਹ ਤਾਂਡਵ ਨਾਚ ਅੱਖਾਂ ਤੋਂ ਹਾਲੇ ਓਹਲੇ ਨਹੀ ਸੀ ਹੋਇਆ ਕਿ ਜਦੋਂ ਹਜਾਰਾਂ ਦੀ ਗਿਣਤੀ ਵਿਚ ਬੇਦੋਸ਼ੇ ਸਿੱਖ ਜਿਨਾ ਵਿਚ ਬਜੁਰਗ, ਤੇ ਮਾਸੂਮ ਛੋਟੇ ਛੋਟੇ ਬੱਚੇ ਵੀ ਸਨ ਗਲਾਂ ਵਿਚ ਟਾਇਰ ਪਾ ਕੇ ਦਿਲੀ ਸਮੇਤ ਸਾਰੇ ਦੇਸ਼ ਵਿੱਚ ਕੋਹ ਕੋਹ ਕੇ ਸਰਕਾਰੀ ਸ਼ਹਿ ਤੇ ਮਾਰਿਆ ਗਿਆ, ਜਿਵੇਂ ਹੁਣ ਫਰਵਰੀ 2020 ਜਦੋਂ ਕੇਂਦਰ ਵਿਚ ਸਰਕਾਰ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਹਨ ਤੇ ਇਸ ਤੋਂ ਪਹਿਲਾਂ ਗੁਜਰਾਤ ਵਿਚ 2002 ਵਿਚ ਸ੍ਰੀ ਨਰਿੰਦਰ ਮੋਦੀ ਮੁੱਖ ਮੰਤਰੀ ਸਨ ਦੀ ਸਰਕਾਰ ਦੀ ਰਹਿਨੁਮਾਈ ਵਿੱਚ ਕੋਹ ਕੋਹ ਕੇ ਘੱਟਗਿਣਤੀਆਂ ਦੇ ਮੁਸਲਿਮ ਵਰਗ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਚੁਣ ਚੁਣ ਕੇ ਗੋਲੀਆ ਨਾਲ ਮਾਰਿਆ ਗਿਆ ਤੇ ਉਨਾਂ ਦੇ ਘਰ ਤੇ ਕਾਰੋਬਾਰ ਚੁਣ ਚੁੱਣ ਕੇ ਸਾੜ੍ਹੇ ਗਏ ਜੋ ਕਿ ਦੇਸ਼ ਦੀ ਸਰਕਾਰ ਲਈ ਨਮੋਸ਼ੀ ਤੇ ਲਾਹਨਤ ਤੋਂ ਘੱਟ ਨਹੀਂ ਹਨ ।ਦੇਸ਼ ਦੇ ਇਸ ਜਮਹੂਰੀ ਨਿਜਾਮ ਜਿਸ ਨੂੰ ਬੜੀ ਤੇਜੀ ਨਾਲ ਮੌਜੂਦਾ ਹਿੰਦੂਤੱਵੀ ਸਰਕਾਰ ਵਲੋਂ ਖਤਮ ਕਰਕੇ ਦੇਸ਼ ਵਿੱਚ ਵਸਣ ਵਾਲੀਆਂ ਘਟ ਗਿਣਤੀਆਂ ਨੂੰ ਇਤਨਾ ਡਰਾਇਆ ਤੇ ਧਮਕਾਇਆ ਜਾ ਰਿਹਾ ਹੈ ਤਾਂ ਕਿ ਉਹ ਇਸ ਡਰਾਉਣੇ ਮਾਹੌਲ ਵਿਚ ਆਪਣੇ ਹੱਥਾਂ ਵਿੱਚ ਪਲ਼ੂ ਫੜ੍ਹ ਕੇ ਹਿੰਦੂਤਵੀਆਂ ਨੂੰ ਕਹਿਣ ਲਈ ਮਜਬੂਰ ਹੋ ਜਾਣ ਕਿ ਅਸੀ ਉਨਾਂ ਦੀ ਹਿੰਦੂਤੱਵੀ ਨੂੰ ਸਵੀਕਾਰ ਕਰਦੇ ਹਾਂ ।ਪਰ ਜਿਸ ਖੁਸ਼ ਫਹਿਮੀ ਵਿੱਚ ਇਹ ਸਰਕਾਰ ਫਿਰਦੀ ਨਜਰ ਆ ਰਹੀ ਹੈ ਇਸ ਨੇ ਸ਼ਾਇਦ ਆਪਣੀਆਂ ਅੱਖਾਂ ਤੇ ਪੱਟੀ ਬੰਨੀ ਹੋਈ ਹੈ ਜੋ ਹਕੀਕਤ ਨੂੰ ਜਾਣਦਿਆ ਹੋਇਆ ਵੀ ਦੇਸ਼ ਦੇ ਕਾਇਦੇ ਕਾਨੂੰਨ ਨੂੰ ਛਿੱਕੇ ਟੰਗ ਕੇ ਇਹ ਘਿਣਾਉਣੀਆਂ ਚਾਲਾਂ ਚੱਲ ਕੇ ਦੇਸ਼ ਦਾ ਦਹਿਸ਼ਦਗਰਦ ਮਾਹੌਲ ਸਿਰਜ ਰਹੀ ਹੈ। ਜਿਹੜੀ ਹੁਣੇ ਹੁਣੇ ਭਾਜਪਾ ਸਰਕਾਰ ਦੀ ਛਹਿ ਤੇ ਕਤਲੋਗਾਰਤ ਕੀਤੀ ਗਈ ਹੈ ਇਹ ਪਹਿਲੇ ਹੋਏ 1984 ਦੇ ਸਿੱਖ ਕਤਲਿਆਮ ਤੇ 2002 ਵਿੱਚ ਗੁਜਰਾਤ ਦੇ ਮੁਸਲਿਮ ਦੰਗਿਆਂ ਤੋਂ ਭਿੰਨ ਤੇ ਵਧੇਰੇ ਖਤਰਨਾਕ ਸੀ ਇਨਾਂ ਦੰਗਿਆਂ ਨੂੰ ਪਹਿਲਾਂ ਨਾਲੋਂ ਹੋਰ ਵੀ ਬੜੇ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ ।ਦਿੱਲੀ ਵਿਚ ਵਡੇ ਪੱਧਰ ਤੇ ਪੈਟਰੋਲ ਬੰਬ ਬਣੇ, ਪੱਥਰ, ਇੱਟਾਂ ਕੋਠਿਆਂ ਤੇ ਇਕਠੇ ਕੀਤੇ ਗਏ, ਗੁਲੇਲਾਂ ਬਣਾਈਆਂ ਗਈਆਂ। ਕਿਥੇ ਗਈਆਂ ਗ੍ਰਹਿ ਵਿਭਾਗ ਦੀਆਂ ਗੁੱਪਤ ਏਜੰਸੀਆਂ ਜਿਸ ਨੂੰ ਪਤਾ ਹੀ ਨਹੀਂ ਲਗਾ ਜਾਂ ਫਿਰ ਪਤਾ ਲਗਣ ਦੇ ਬਾਵਜੂਦ ਘੇਸਲ ਵਟੀ ਰਖੀ, ਹਾਲਤ ਇਹ ਬਿਆਨਦੇ ਹਨ ਕਿ ਅਜਿਹਾ ਤਾਂਡਵ ਨਾਚ ਕਰਾਉਣ ਦੀਆਂ ਯੋਜਨਾਵਾਂ ਬੜੇ ਪਹਿਲਾਂ ਤੋਂ ਘੜੀਆਂ ਜਾ ਰਹੀਆਂ ਸਨ। ਜਿਸ ਲਈ ਇਨਾਂ ਨੇ ਉਚਿੱਤ ਸਮਾਂ ਉਹ ਚੁਣਿਆ ਕਿ ਲੋਕਾਂ ਨੂੰ ਲਗੇ ਕਿ ਭਾਰਤ ਦਾ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਮਰੀਕਾ ਦੇ ਰਾਸ਼ਟਰਪਤੀ ਦੀ ਆਮਦ ਵਿਚ ਲਗਿਆ ਹੋਇਆ ਪ੍ਰਤੀਤ ਹੋਵੇ। ਜੋ ਕੁਝ ਟੀ ਵੀ ਚੈਨਲਾਂ ਵਲੋਂ ਰੀਪੋਰਟਾਂ ਆ ਰਹੀਆਂ ਹਨ ਕਿ ਦਿੱਲੀ ਵਿਚਲੇ ਨਾ ਹਿੰਦੂ ਸਿੱਖ ਲੜ੍ਹੇ ਹਨ ਨਾ ਹੀ ਮੁਸਲਮਾਨ ਬਲਕਿ ਇਨਾਂ ਸਾਰਿਆ ਫਿਰਕਿਆਂ ਦੇ ਲੋਕਾਂ ਚਾਹੇ ਹਿੰਦੂ ਸਨ, ਸਿੱਖ ਸਨ ਜਾਂ ਫਿਰ ਮੁਸਲਮਾਨ ਸਨ ਸਭ ਨੇ ਆਪਣੇ ਆਪ ਨੂੰ ਬੇਹੱਦ ਖਤਰੇ ਵਿਚ ਪਾ ਕੇ ਇਕ ਦੂਜੇ ਦੀਆਂ ਜਾਨਾਂ ਨੂੰ ਬਚਾ ਕੇ ਆਪਣੀ ਨਿਗਰ ਏਕਤਾ ਦਾ ਪ੍ਰਗਟਾਵਾ ਕੀਤਾ । ਜਿਸ ਨੂੰ ਭਾਜਪਾ ਸਰਕਾਰ ਖੇਰੂੰ ਖੇਰੂੰ ਕਰਨਾ ਚਾਹੁੰਦੀ ਸੀ ।ਇਹ ਗੱਲ ਵੀ ਨਿਸ਼ੰਗ ਬਾਹਰ ਆ ਗਈ ਹੈ ਕਿ ਐਵੇਂ ਨਹੀਂ ਕੇਂਦਰੀ ਮੰਤਰੀ ਅਨੁਰਾਗ ਸ਼ਰਮਾ, ਪਰਵੇਸ਼ ਵਰਮਾ ਤੇ ਕਪਿਲ ਮਿਸਰਾ ਵਰਗੇ ਦਨ-ਦਨਾਂਦੇ ਫਿਰਦੇ ਸਨ। ਉਨਾਂ ਵਲੋਂ ਜਹੀਨ ਬਾਗ ਕੋਲ ਜਾ ਕੇ ਭੜਕਾਊ ਭਾਸਨ ਦੇਣੇ ਕਿ ਜੇ ਉਹ ਇਥੋਂ ਨਾ ਉਠੇ ਤਾਂ ਉਹ ਫਿਰ ਆਪ ਉਠਾ ਦੇਣਗੇ, ਘੱਟ ਗਿਣਤੀਆਂ ਨੂੰ ਗਾਲਾਂ ਕੱਢਣ ਦਾ ਮਕਸਦ ਵੀ ਸਭ ਕੁਝ ਆਮ ਲੋਕਾਂ ਦੇ ਸਮਝ ਵਿੱਚ ਆ ਰਿਹਾ ਹੈ। ਜੋ ਕੁਝ ਮੁਸਲਿਮ ਇਲਾਕਿਆਂ ਵਿੱਚ ਹੋਇਆ ਉਹ ਪੂਰੀ ਯੋਜਨਾ ਨਾਲ ਕੀਤਾ ਗਿਆ ਜਿਨਾਂ ਥਾਵਾਂ ਤੇ ਇਹ ਹਿੰਸਾ ਹੋਈ ਉਥੋਂ ਦੇ ਲੋਕਾਂ ਦਾ ਕਹਿਣਾ ਹੈ ਕਿ ਹਮਲਾ ਕਰਨ ਵਾਲਿਆ ਨੂੰ ਉਨਾਂ ਨੇ ਕਦੇ ਪਹਿਲਾਂ ਵੇਖਿਆ ਹੀ ਨਹੀਂ



ਸੀ ਉਹ ਉਪਰੇ ਜਿਹੇ ਬੰਦੇ ਸਨ ਜੋ ਸਾਬਿਤ ਕਰ ਰਿਹਾ ਹੈ ਕਿ ਦਿੱਲੀ ਦੇ ਨਾਲ ਲਗਦੇ ਪ੍ਰਾਂਤਾਂ ਦੇ ਗੁੰਡੇ, ਬਦਮਾਸ਼ ਜਿਨਾਂ ਵਿਚ ਹਿੰਦੂ ਫਿਰਕਾਪਰਸਤ ਵੀ ਸ਼ਾਮਲ ਦਸੇ ਜਾਂਦੇ ਹਨ ਸ਼ਾਮਲ ਸਨ। ਇਹ ਵੀ ਪਤਾ ਲਗਾ ਹੈ ਕਿ ਉਨਾਂ ਵਿਚੋਂ ਕਈਆਂ ਨੇ ਫੋਜੀ ਵਰਦੀਆ ਵੀ ਪਹਿਨੀਆਂ ਹੋਈਆਂ ਸਨ ਜਦੋਂ ਕਿ ਸਰਕਾਰ ਵਲੋਂ ਸਪਸ਼ਟ ਕੀਤਾ ਗਿਆ ਕਿ ਉਨਾਂ ਨੇ ਕਿਸੇ ਵੀ ਫੌਜ ਦੀ ਟੁਕੱੜੀ ਨੂੰ ਨਹੀਂ ਬੁਲਾਇਆ ਤਾਂ ਫਿਰ ਇਹ ਵਰਦੀਆਂ ਵਾਲੇ ਹਥਿਆਰਾਂ ਦੀ ਟਰੇਨਿੰਗ ਵਾਲੇ ਇਹ ਬੰਦੇ ਕੌਣ ਸਨ?

ਜਿਨਾਂ ਕੋਲ ਬੰਦੂਕਾਂ ਸਨ ਤੇ ਹੋਰ ਹਜੂਮੀਆਂ ਕੋਲ ਵੱਡੇ ਪੱਧਰ ਤੇ ਪਸਤੌਲਾਂ ਦੇ ਨਾਲ ਦੇਸੀ ਕੱਟੇ ਵੀ ਸਨ । ਜਿਨਾਂ ਨੇ ਨਾਂ ਪੁੱਛ ਪੁੱਛ ਕੇ ਕੋਣ ਮੁਸਲਿਮ ਹੈ, ਕੋਣ ਹਿੰਦੂ ਹੈ ਬਕਾਇਦਾ ਜਾਣ ਕੇ? ਫਿਰ ਮੁਸਲਮਾਨ ਜਾਣਨ ਤੇ ਉਨਾਂ ਨੂੰ ਪਹਿਲਾਂ ਬੁਰੀ ਤਰਾਂ ਕੁੱਟਿਆ ਮਾਰਿਆ ਗਿਆ, ਅੰਤ ਵਿੱਚ ਉਨਾਂ ਨੂੰ ਗੋਲੀਆਂ ਮਾਰ ਕੇ ਹੱਤਿਆ ਕਰ ਦਿਤੀ ਗਈ। ਜਿਸ ਤਰਾਂ ਦਾ ਇਹ ਕਾਰਾ ਹੋਇਆ ਹੈ ਜੇ ਕਰ ਇਸ ਦੀ ਪਹਿਲਾਂ ਕੋਈ ਸੂਚਨਾ ਗੁੱਪਤ ਏਜੰਸੀਆ ਨੂੰ ਨਹੀਂ ਸੀ ਤਾਂ ਫਿਰ ਦੇਸ਼ ਦੇ ਗ੍ਰਹਿ ਮੰਤਰੀ ਨੂੰ ਕੋਈ ਹੱਕ ਨਹੀਂ ਕਿ ਉਹ ਇਸ ਅਹੁੱਦੇ ਤੇ ਬਣਿਆ ਰਹੇ ? ਪਰ ਜਦੋਂ ਹੋ ਹੀ ਸਾਰਾ ਕੁਝ ਗਿਣੀ ਮਿੱਥੀ ਸਾਜਿਸ਼ ਤੇ ਮਿਲੀ ਭੁਗਤ ਨਾਲ ਹੋਵੇ ਤਾਂ ਫਿਰ ਕੌਣ ਕਹੇ 'ਰਾਣੀ ਆਪਣਾ ਅੱਗਾ ਢੱਕ' ! ਹੋਰ ਤਾਂ ਹੋਰ ਭਾਰਤੀ ਜਨਤਾ ਪਾਰਟੀ ਨਾਲ ਪਤੀ ਪਤਨੀ ਤੇ ਨਹੁੰ ਮਾਸ ਦਾ ਰਿਸ਼ਤਾ ਦਸਣ ਦਾ ਰਟ ਲਗਾਉਣ ਵਾਲੀ ਸਿੱਖਾਂ ਦੀ ਤਰਜਮਾਨੀ ਕਰਾਉਂਦੀ ਅਕਾਲੀ ਪਾਰਟੀ (ਬਾਦਲ) ਕੁਝ ਦਿਨਾ ਪਹਿਲਾਂ ਦਿਲੀ ਦੀਆਂ ਵਿਧਾਨ ਸਭਾ ਚੋਣਾਂ ਸਮੇ ਸੀਟਾਂ ਦੀ ਲੈਣ ਦੇਣ ਕਰਨ ਸਮੇਂ ਭਾਜਪਾ ਤੋਂ ਆਪਣੀ ਦੁਰਗੱਤੀ ਕਰਾਉਣ ਵਾਲੀਇਸ ਪਾਰਟੀ ਦੇ ਰਾਜ ਸਭਾ ਮੈਂਬਰ ਸ੍ਰੀ ਨਰੇਸ਼ ਗੁਜਰਾਲ ਨੇ ਚੈਨਲਾਂ ਸਾਹਮਣੇ ਪੇਸ਼ ਹੋ ਕੇ ਇਹ ਦਸਿਆ ਕਿ ਮੇਰੇ ਕੋਲ ਕੁਝ ਲੋਕਾਂ ਨੇ ਟੈਲੀਫੂਨ ਤੇ ਸ਼ਕਾਇਤ ਕੀਤੀ ਕਿ ਅਸੀ ਘਰਾਂ ਵਿਚ ਘਿਰੇ ਹੋਏ ਹਾਂ ਹਜੂਮ ਸਾਡੇ ਘਰਾਂ ਨੂੰ ਘੇਰੀ ਬੈਠੇ ਹਨ, ਸਾਡੀ ਮਦੱਦ ਕੀਤੀ ਜਾਵੇ।

ਸ੍ਰੀ ਨਰੇਸ਼ ਗੁਜਰਾਲ ਦਾ ਇਹ ਕਹਿਣਾ ਕਿ ਉਸ ਨੇ ਪੁਲਿਸ ਨੂੰ ਫੋਨ ਕੀਤੇ, ਇਥੋਂ ਤਕ ਕਿ ਪੁਲੀਸ ਅੀਧਕਾਰੀਆਂ ਨੂੰ ਪੱਤਰ ਵੀ ਲਿਖੇ ਪਰ ਕਿਸੇ ਵੀ ਪੁਲੀਸ ਅਧਿਕਾਰੀ ਨੇ ਉਨਾਂ ਘਿਰੇ ਹੋਏ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ ਨਹੀ ਕੀਤੀ। ਇਸ ਦਾ ਮਤਲਬ ਆਪਣੇ ਆਪ ਵਿਚ ਪ੍ਰਤੱਖ ਸੁਨੇਹਾ ਦੇ ਰਿਹਾ ਹੈ ਕਿ ਜਿਵੇਂ ਪੁਲੀਸ ਨੂੰ ਕੋਈ ਕਾਰਵਾਈ ਨਾ ਕਰਨ ਦੇ ਆਦੇਸ਼ ਦਿਤੇ ਹੋਣ। ਹੁਣ ਸ਼ਕ ਦੀ ਕਿਸੇ ਕਿਸਮ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਇਹ ਵੀ ਏਕਤਾ ਦੀ ਇਕ ਨਿਵੇਕਲੀ ਉਦਾਹਰਣ ਮਿਲੀ ਹੈ ਕਿ ਦਿੱਲੀ ਵਿਖੇ ਇਕ ਹਿੰਦੂ ਪ੍ਰੀਵਾਰ ਦੇ ਵਿਆਹ ਦੀ ਵਾਪਰੀ ਘਟਨਾ ਵਿੱਚ ਇਕ ਹਿੰਦੂ ਲੜਕੀ ਦਾ ਵਿਆਹ ਰਖਿਆ ਹੋਇਆ ਸੀ ਤੇ ਇਹ ਦੰਗੇ ਹੋ ਗਏ ਇਸ ਨਾਜੁਕ ਸਮੇਂ ਜਿਥੇ ਮੁਸਲਮਾਨ ਤਬਕੇ ਦੇ ਲੋਕ ਉਨਾਂ ਦੀ ਢਾਲ ਬਣ ਕੇ ਉਤਨਾ ਚਿਰ ਖੜੇ ਰਹੇ ਜਦੋਂ ਤਕ ਪੂਰਨ ਰੂਪ ਵਿਚ ਉਸ ਲੜਕੀ ਦਾ ਵਿਆਹ ਸਪੂੰਰਨ ਨਹੀਂ ਸੀ ਹੋ ਗਿਆ।

ਹਿੰਦੂਤਵੀਆਂ ਦੀ ਸਰਕਾਰ ਸਾਹਮਣੇ ਇਸ ਤੋਂ ਵੱਧ ਹੋਰ ਇਹ ਸ਼ਾਨਦਾਰ ਮਿਸਾਲ ਆਪਸੀ ਏਕੇ ਦੀ ਹੋਰ ਕੀ ਹੋ ਸਕਦੀ ਹੈ ? ਇਥੇ ਹੀ ਬਸ ਨਹੀਂ ਕਿ ਇਕ ਮੁੱਹਲੇ ਵਿਚ ਵੱਡੀ ਗਿਣਤੀ ਵਿਚ ਲਾਠੀਆਂ ਤੇ ਹੋਰ ਹਥਿਆਰਾਂ ਨਾਲ ਲੈਸ ਹਜੂਮੀ ਟੋਲਾ ਇਕ ਮੁਸਲਮਾਨ ਨੌਜੁਆਨ ਦੇ ਮਗਰ ਭੱਜ ਰਿਹਾ ਸੀ ਜੋ ਜਾਨ ਬਚਾਉਣ ਲਈ ਦੌੜ੍ਹ ਰਿਹਾ ਸੀ ਪਰ ਉਹ ਡਿੱਗ ਪਿਆ ਉਸ ਨੂੰ ਘੇਰ ਕੇ ਬੁਰੀ ਤਰਾਂ ਮਾਰਨਾ ਸ਼ੁਰੂ ਕਰ ਦਿਤਾ ਇਸ ਵੇਲੇ ਇਕ ਸਿੱਖ ਜੋ ਕਿ ਉਥੇ ਰਹਿੰਦਾ ਸੀ ਨੇ ਆਪਣੇ ਤੇ ਆਪਣੇ ਪ੍ਰੀਵਾਰ ਨੂੰ ਖਤਰੇ ਵਿਚ ਪਾ ਕੇ ਉਸ ਨੌਜੁਆਨ ਨੂੰ ਆਪਣੇ ਘਰ ਅੰਦਰ ਵਾੜ੍ਹ ਕੇ ਉਸ ਨੂੰ ਮਾਰੇ ਜਾਣ ਤੋਂ ਬਚਾ ਲਿਆ। ਇਨਾਂ ਕਟੜ੍ਹ ਕਿਸਮ ਦੇ ਹਿੰਦੂ ਹਜੂਮੀਆਂ ਨੇ ਇਥੋਂ ਤਕ ਵੀ ਕਹਿ ਦਿਤਾ ਸੀ ਕਿ ਜੇਕਰ ਕੋਈ ਮੁਲਾ ਕਿਸੇ ਗੁਰਦੁਆਰੇ ਵਿਚ ਜਾਨ ਬਚਾਉਣ ਲਈ ਵੜ੍ਹ ਜਾਂਦਾ ਹੈ ਤਾਂ ਉਸ ਗੁਰਦੁਆਰੇ ਨੂੰ ਸਾੜ੍ਹ ਦਿਤਾ ਜਾਵੇ। ਇਹੋ ਜਿਹੀਆਂ ਘਟਨਾਵਾਂ ਇਸ ਸਰਕਾਰ ਦੇ ਡੁੱਬ ਮਰਨ ਤੋਂ ਘੱਟ ਨਹੀਂ। ਇਸ ਘਟਨਾ ਕਰਮ ਵਿੱਚ ਇਕ ਉਹ ਘਟਨਾ ਵੀ ਸ਼ਾਮਲ ਹੈ ਜਿਸ ਨੂੰ ਮੰਨਣ ਤੇ ਯਕੀਨ ਨਹੀਂ ਆ ਰਿਹਾ ਕਿ ਦਿੱਲੀ ਦੇ ਲੋਕਾਂ ਵਲੋਂ ਹੁਣੇ ਹੀ ਭਾਰੀ ਬਹੁਮਤ ਨਾਲ ਦਿੱਲੀ ਵਿੱਚ ਜਿਤਾ ਕੇ ਭੇਜੀ ਆਮ ਆਦਮੀ ਪਾਰਟੀ ਦੀ 'ਕੇਜਰੀਵਾਲ ਸਰਕਾਰ' ਜਿਸ ਉਤੇ ਵੀ ਕੁਝ ਲੋਕਾਂ ਵਲੋਂ ਭਾਰੀ ਨਿਰਾਸ਼ਾ ਪ੍ਰਗਟਾਈ ਜਾ ਰਹੀ ਹੈ ਕਿ ਉਹ ਵੀ ਸਮੇਂ ਸਿਰ ਲੋਕਾਂ ਨੂੰ ਮਦਦ ਨਹੀਂ ਪਹੁੰਚਾ ਸਕੀ ।ਲੋਕਾਂ ਦਾ ਕਹਿਣਾ ਹੈ ਕਿ ਠੀਕ ਹੈ ਕਿ ਪੁਲੀਸ ਕੇਂਦਰ ਦੇ ਅਧੀਨ ਹੈ, ਪਰ ਕੀ ਬਸਾਂ, ਤੇ ਹਸਪਤਾਲ ਵੀ ਕੇਂਦਰ ਦੇ ਅਧੀਨ ਹਨ? ਲੋਕਾਂ ਨੂੰ ਹਸਪਤਾਲ ਪਹੁੰਚਾਏ ਜਾਣ ਦੇ ਪ੍ਰਬੰਧ ਕਰਨ ਵਿਚ ਕੀਤੀ ਦੇਰੀ ਵੀ ਦਿੱਲੀ ਦੇ ਲੋਕਾਂ ਨੂੰ ਰੜ੍ਹਕ ਰਹੀ ਹੈ ਉਨਾ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਉਨਾਂ ਦੀ ਮਦਦ ਲਈ ਦੇਰ ਨਾਲ ਬਹੁੜੀ।

ਇਸ ਦੇ ਮੁੱਖ ਮੰਤਰੀ ਉਤੇ ਵੀ ਲੋਕਾਂ ਨੇ ਕਈ ਚੈਨਲਾਂ ਉਤੇ ਬੜੇ ਨਿਰਾਸ਼ਾਜਨਕ ਬਿਆਨ ਦਿਤੇ ਹਨ, ਜਿਸ ਬਾਰੇ ਹਾਲੇ ਯਕੀਨਨ ਭਾਵੇਂ ਕੁਝ ਨਹੀ ਕਿਹਾ ਜਾ ਸਕਦਾ ।ਇਨਾ ਦੰਗਿਆ ਪਿਛੇ ਕੇਂਦਰ ਦੀ ਭਾਜਪਾ ਸਰਕਾਰ ਦੀ ਮਿਲੀ ਭੁਗਤ ਇਸ ਤੋਂ ਵੀ ਸਾਬਿਤ ਹੋ ਜਾਂਦੀ ਹੈ ਕਿ ਜਦੋਂ ਉਸ ਦੀ ਦੱਖਲ ਅੰਦਾਜੀ ਨਿਆਂ ਦੇ ਖੇਤਰ ਵਿਚ ਕੀਤੀ ਗਈ ਕਿ ਕਿਵੇਂ ਇਨਸਾਫ ਪਸੰਦ ਜੱਜ ਸ੍ਰੀ ਮੁਰਲੀਧਰ ਜਿਸ ਨੇ ਇਸ ਕੇਸ ਬਾਰੇ ਕੋਰਟ ਵਿੱਚ ਪੁਲੀਸ ਨੂੰ ਵੀ ਡੀ ਓ ਦਿਖਾ ਕੇ ਝਾੜਿਆ ਕਿ ਉਸ ਨੇ ਹੁਣ ਤਕ ਕਾਰਵਾਈ ਕਿਉਂ ਨਹੀਂ ਕੀਤੀ? ਉਨਾਂ ਨੇ ਪੁਲੀਸ ਨੂੰ ਸਖਤ ਲਹਿਜੇ ਵਿੱਚ ਆਦੇਸ਼ ਵੀ ਦਿਤਾ ਕਿ 24 ਘੰਟਿਆ ਵਿਚ ਦੋਸ਼ੀਆਂ ਕਪਿਲ ਮਿਸ਼ਰਾ, ਕੇਂਦਰੀ ਮੰਤਰੀ ਅਨੁਰਾਗ ਠਾਕੁਰ, ਭਾਜਪਾ ਆਗੂ ਪਰਵੇਸ਼ ਵਰਮਾ ਆਦਿ ਵਿਰੁਧ ਮੁਕਦਮਾ ਦਰਜ ਕੀਤਾ ਜਾਵੇ।

ਤਾਂ ਝੱਟ ਹੀ ਕੇਂਦਰ ਸਰਕਾਰ ਨੇ ਆਪਣੇ ਦੰਗਾ ਭੜਕਾਉਣ ਵਾਲੇ ਭਾਜਪਾ ਆਗੂਆਂ ਨੂੰ ਬਚਾਉਣ ਲਈ ਦੇਸ਼ ਦੇ ਰਾਸ਼ਟਰਪਤੀ ਕੋਲੋਂ ਵਿਸ਼ੇਸ਼ ਆਦੇਸ਼ ਲੈ ਕੇ ਇਸ ਨਿਆਂ ਪੱਖੀ ਜੱਜ ਸ੍ਰੀ ਮੁਰਲੀਧਰ ਦਾ ਤੁਰੰਤ ਤਬਾਦਲਾ ਕਰਕੇ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਭੇਜ ਦਿਤਾ ਗਿਆ ਤਾਂ ਕਿ ਅਗਲੇ ਦਿਨ ਉਹ ਦੋਸ਼ੀਆਂ ਵਿਰੁਧ ਕੇਸ ਦਰਜ ਕੀਤੇ ਜਾਣ ਵਾਲੀ ਕਾਰਵਾਈ ਦੀ ਰੀਪੋਰਟ ਨਾ ਲੈ ਸਕਣ। ਨਵੇਂ ਜੱਜ ਸਾਹਿਬ ਨੇ ਹੁਣ ਸਰਕਾਰ ਨੂੰ 13 ਅਪਰੈਲ ਤਕ ਦਾ ਸਮਾਂ ਦਿਤਾ ਗਿਆ ਹੈ। ਇਹ ਹੀ ਭਾਜਪਾ ਸਰਕਾਰ ਚਾਹੁੰਦੀ ਸੀ।

ਉਪਰੋਕਤ ਘਟਨਾ ਕਰਮ ਇਹ ਦਰਸਾ ਰਹੇ ਹਨ ਕਿ ਜਿਸ ਤਰਾਂ ਸਰਕਾਰ ਹਿੰਦੂਆਂ ਸਿੱਖਾਂ ਤੇ ਮੁਸਲਮਾਨਾਂ ਵਿਚ ਵੰਡੀਆਂ ਪਾ ਕੇ ਉਨਾਂ ਨੂੰ ਆਪਸ ਵਿੱਚ ਲੜਾਉਣਾ ਚਾਹੁੰਦੀ ਸੀ ਉਸ ਵਿੱਚ ਉਸ ਨੂੰ ਘੋਰ ਨਿਰਾਸ਼ਾ ਹੀ ਨਹੀਂ ਹੋਈ, ਬਲਕਿ ਨਮੋਸ਼ੀ ਦਾ ਮੂੰਹ ਵੀ ਵੇਖਣਾ ਪਿਆ ਹੈ। ਇਸ ਨਾਜੁਕ ਸਥਿਤੀ ਵਿਚ ' ਦੇਸ਼ ਦੀਆਂ ਸਾਰੀਆਂ ਅਮਨ ਤੇ ਜਮਹੂਰੀਅਤ ਪਸੰਦ ਪਾਰਟੀਆਂ ਅਤੇ ਆਮ ਲੋਕਾਂ ਨੂੰ ਸੋਚਣ ਤੇ ਵਿਚਾਰਨ ਦੀ ਜਰੂਰਤ ਹੈ।

ਆਉ! ਦੇਸ਼ ਦੇ ਸਾਰੇ ਅਮਨ ਪਸੰਦ ਵਾਸੀਓ! ਆਪਣੇ ਭਰਮ ਭੁਲੇਖੇ ਮਿਟਾ ਕੇ ਇਕੱਠੇ ਹੋਈਏ। ਈ ਵੀ ਐਮ ਦੀ ਬਦੌਲਤ ਕੇਂਦਰ ਦੀ ਸਰਕਾਰ ਤੇ ਕਬਜਾ ਕਰਕੇ ਬੈਠੀ ਇਸ ਭਾਜਪਾ ਦੀ ਕੱਟੜ੍ਹ ਹਿੰਦੂ ਫਿਰਕਾਪਰਸਤਾਂ ਦੀ ਸਰਕਾਰ ਤੋਂ ਦੇਸ਼ ਦਾ ਖਹਿੜਾ ਛੁਡਾਉਣ ਲਈ ਕੋਈ ਠੋਸ ਯੋਜਨਾ ਬਣਾਈਏ ਤਾਂ ਕਿ ਦੇਸ਼ ਨੂੰ ਹੋਰ ਬਰਬਾਦ ਹੋਣ ਤੋਂ ਬਚਾਇਆ ਜਾ ਸਕੇ।

# ਬੁਝਾਰਤਾਂ

1- ਪੇਕਿਆਂ ਵੱਲੋਂ ਆਪਣੀਆਂ ਵਿਆਹੀਆਂ ਧੀਆਂ ਨੂੰ ਤਿਉਹਾਰਾਂ ਸਮੇਂ ਕੱਪੜੇ, ਖਾਣ-ਪੀਣ ਦੀਆਂ ਵਸਤਾਂ, ਗਹਿਣੇ ਆਦਿ ਸੁਗਾਤ ਵਜੋਂ ਦਿੱਤੀਆਂ ਵਸਤਾਂ ਨੂੰ ਕੀ ਕਹਿੰਦੇ ਹਨ?

2- ਮੱਝਾਂ ਚਾਰਨ ਵਾਲੇ ਵਿਆਕਤੀ ਨੂੰ ਕੀ ਕਹਿੰਦੇ ਹਨ?

3- ਬਾਂਸ ਦੀ ਪੰਜ-ਛੇ ਕੁ ਫੁੱਟ ਲੰਮੀ ਡਾਂਗ ਨੂੰ, ਜਿਸ ਦਾ ਹੱਥ ਵਿਚ ਫੜਨ ਵਾਲਾ ਹਿੱਸਾ ਥੋੜ੍ਹਾਂ ਜਿਹਾ ਗੁਲਾਈਦਾਰ ਮੁੜਿਆ ਹੁੰਦਾ ਹੈ, ਕੀ ਕਹਿੰਦੇ ਹਨ?

4- ਮੋਟੇ ਸੂਤ ਦੇ ਬਣੇ ਮੋਟੇ ਸੂਤੀ ਕੱਪੜੇ ਨੂੰ ਕੀ ਕਹਿੰਦੇ ਹਨ?

5- ਮੁੰਜ ਦਾ, ਕਣਕ ਦੀ ਨਾੜ ਦਾ ਤੇ ਸਰਕੜੇ ਦੇ ਕਾਨਿਆਂ ਦੀ ਬਣੀ ਹੋਈ ਬੈਠਣ ਵਾਲੀ ਵਸਤ ਨੂੰ ਕੀ ਕਹਿੰਦੇ ਹਨ?

6- ਨੋਕਦਾਰ ਮੂੰਹ ਵਾਲੀ ਮਿੱਟੀ ਦੀ ਬਣੀ ਠੂਠੀ ਨੂੰ ਕੀ ਕਹਿੰਦੇ ਹਨ?

7- ਮੱਝ, ਗਾਂ, ਝੋਟੀ, ਵੱਛੀ ਦੇ ਗਲ ਵਿਚ ਰੱਸੇ ਨਾਲ ਬੰਨ੍ਹ ਕੇ ਲਟਕਾਏ ਲੱਕੜ ਦੇ ਟੰਬੇ ਨੂੰ ਕੀ ਕਹਿੰਦੇ ਹਨ?

8- ਕੜਛੀ ਵਰਗੀ, ਕਾਠ ਦੀ ਬਣੀ ਵਸਤ ਨੂੰ ਕੀ ਕਹਿੰਦੇ ਹਨ?

9- ਲੋਹੇ ਦੀ ਗੁਲਾਈਦਾਰ ਬਣੀ ਪੱਤਰੀ, ਜੋ ਪਸੂਆਂ ਦੇ ਖੁਰਾਂ ਥੱਲੇ ਲਾਈ ਜਾਂਦੀ ਹੈ, ਨੂੰ ਕੀ ਕਹਿੰਦੇ ਹਨ?

10- ਤਿਲਾਂ ਵਿਚ ਗੁੜ ਪਾ ਕੇ, ਕੁੱਟ ਕੇ ਬਣਾਏ ਖਾਣ ਵਾਲੇ ਪਦਾਰਥ ਨੂੰ ਕੀ ਕਹਿੰਦੇ ਹਨ?

ਉੱਤਰ- ਸੰਧਾਰਾ, (2) ਮਝੇਰੂ, (3) ਖੂੰਡਾ, (4) ਖੇਸ, (5) ਮੂਹੜਾ, (6) ਦੀਵਾ, (7) ਡਹਿਆ, (8) ਡੋਈ, (9) ਖੁਰੀ, (10) ਭੁੱਗਾ।



ਤਸਵਿੰਦਰ ਸਿੰਘ ਬੜੈਚ
91-98763-22677

# ਮੈਂ-ਮੇਰੀ (ਪੰਜਾਬੀ ਗੀਤ)

ਉੱਪਰੋਂ ਸੁਥਰਾ ਬਾਣਾ, ਅੰਦਰੋਂ ਬੁਰੀ ਬਿਮਾਰੀ ਏ,
ਕੁਲਿਯੁੱਗ ਦਾ ਜੋ ਬੰਦਾ, ਬਹੁਤਾ ਕੂੜ ਵਪਾਰੀ ਏ,
ਇਹ ਮਿੱਟੀ ਦਾ ਮਾਧੋ, ਚੌਧਰ ਦਾ ਦੱਮ ਭਰਦਾ ਏ..
ਬੰਦਾ ਮੌਤ ਦੀ ਫ਼ਾਹੀ ਪੈਣ ਤੱਕ, ਮੈਂ-ਮੇਰੀ ਕਰਦਾ ਏ..

ਮਾਨਵਤਾ ਲਈ ਰਿਸ਼ਤੇ-ਨਾਤੇ, ਗਏ ਸ਼ਰਾਪੇ ਨੇ,
ਲਹੂ ਨੇ ਰੰਗ ਵਟਾਇਆ, ਪੰਜ ਵਿਕਾਰ ਈ ਮਾਪੇ ਨੇ,
ਡੁੱਬਦੀ ਏ ਸੱਚ ਦੀ ਬੇੜੀ, ਏਥੇ ਕੂੜ ਈ ਤਰਦਾ ਏ..
ਬੰਦਾ ਮੌਤ ਦੀ ਫ਼ਾਹੀ ਪੈਣ ਤੱਕ, ਮੈਂ-ਮੇਰੀ ਕਰਦਾ ਏ..

ਗੁਰੂਆਂ ਦੇ ਜਨਮ ਦੀ ਆੜ੍ਹ, ਢੱਗਿਆਂ ਤਾਈ ਸਲਾਮੀ ਏ,
ਈਰਖਾ, ਮਾਇਆ, ਚੌਧਰ, ਚਾਚੀ-ਤਾਈ, ਮਾਸੀ-ਮਾਮੀ ਏ,
ਸੱਚ ਨੂੰ ਟਿੱਚ ਨਾ ਜਾਣਨ, ਅਕਲਾਂ ਉੱਤੇ ਪਰਦਾ ਏ..
ਬੰਦਾ ਮੌਤ ਦੀ ਫ਼ਾਹੀ ਪੈਣ ਤੱਕ, ਮੈਂ-ਮੇਰੀ ਕਰਦਾ ਏ..

ਜਿਸ ਲਈ ਪਾਪ ਏ ਕਰਦਾ, ਕੁਝ ਵੀ ਨਾਲ ਨ੍ਹੀਂ ਜਾਣਾ ਏ,
ਭੁੱਲਿਆ ਬੰਦਾ ਦਸਾਂ-ਨਹੁੰਆਂ ਦੀ, ਕਿਰਤ ਨੂੰ ਖਾਣਾ ਏ,
ਪਰਸ਼ੋਤਮ ਅਕਸ਼ ਦਿਖਾਵੇ ਤਾਂ, ਇਹ ਉਸ 'ਤੇ ਵਰ੍ਹਦਾ ਏ..
ਬੰਦਾ ਮੌਤ ਦੀ ਫ਼ਾਹੀ ਪੈਣ ਤੱਕ, ਮੈਂ-ਮੇਰੀ ਕਰਦਾ ਏ..

ਆਪਣੀ ਮਾਂ ਨੂੰ ਕਲਿਯੁੱਗੀ ਬੰਦਾ, ਬੜਾ ਸਤਾਉਂਦਾ ਏ,
ਘਰ ਵਾਲੀ ਨੂੰ, ਮਾਂ ਮੰਨ ਕੇ, ਉਸਦੇ ਗੁਣ ਗਾਉਂਦਾ ਏ,
ਦੁਨੀਆਂ ਦੁਸ਼ਮਣ ਹੋ ਜੂ, ਸਰੋਏ ਸੱਚ ਕਹਿਣੋ ਡਰਦਾ ਏ..
ਬੰਦਾ ਮੌਤ ਦੀ ਫ਼ਾਹੀ ਪੈਣ ਤੱਕ, ਮੈਂ-ਮੇਰੀ ਕਰਦਾ ਏ..



- ਪਰਸ਼ੋਤਮ ਲਾਲ ਸਰੋਏ,
91-92175-44348

### ਚਮਕੀਲਾ-ਅਮਰਜੋਤ ਦੀ ਬਰਸੀ 'ਤੇ ਵਿਸ਼ੇਸ਼..

# ਦੋਗਾਣਾ ਗਾਇਕੀ 'ਚ ਅਮਰ ਅਵਾਜ਼ - ਚਮਕੀਲਾ-ਅਮਰਜੋਤ



ਗੁਰਬਾਜ ਗਿੱਲ
91-98723-62507

ਪੰਜਾਬੀ ਸੰਗੀਤ ਪੰਜਾਬੀਆਂ ਦੇ ਖ਼ੂਨ ਵਿੱਚ ਰਚਿਆਂ ਹੈ, ਜਨਮ ਤੋਂ ਲੈ ਕੇ ਮੌਤ ਤੱਕ ਸੰਗੀਤ ਸਾਡੇ ਅੰਗ-ਸੰਗ ਪ੍ਰਛਾਵੇ ਵਾਂਗ ਰਹਿੰਦਾ ਐ। ਪੰਜਾਬੀਆਂ ਦਾ ਖੁੱਲ੍ਹਾਂ-ਡੁੱਲਾਂ ਸੁਭਾਅ, ਖੁੱਲਾਂ ਖਾਣਾ-ਪੀਣ ਤੇ ਨਾਲੋ-ਨਾਲ ਸੰਗੀਤ ਦੀ ਲਲਕ ਇਹ ਸਭ ਪਰਮ-ਪ੍ਰਮਾਤਮਾ ਦੀਆਂ ਬਖ਼ਸ਼ੀਆਂ ਹੋਈਆਂ ਨਿਆਮਤਾਂ ਨੇ, ਜੋ ਪੰਜਾਬੀਆਂ ਤੋਂ ਇਲਾਵਾ ਹੋਰ ਕਿਸੇ ਕੌਮ ਦੇ ਹਿੱਸੇ ਨਹੀਂ ਆਈਆ। ਆਪਣੇ ਖੇਤਾਂ ਦੇ ਵੱਟਾਂ-ਬੰਨ੍ਹਿਆਂ ਤੇ ਗਾਉਂਦਾ ਫਿਰਦਾ ਕੋਈ ਪੰਜਾਬੀ ਕਦ ਸੰਗੀਤਕ ਜਗਤ ਦਾ ਕੋਈ ਅਣਮੁੱਲਾ ਸਿਤਾਰਾ ਹੋ ਨਿਬੜਦੈ, ਕੁਝ ਪਤਾ ਨਹੀ ਲੱਗਦੈ। ਖ਼ੈਰ ਇਹ ਸਾਨੂੰ ਪੰਜਾਬੀਆਂ ਨੂੰ ਵਿਰਸੇ ਚ' ਮਿਲੀ ਸੰਗੀਤਕ ਗੁੜਤੀ ਦੀ ਹੀ ਮਾਖਿਓ ਮਿੱਟੀ ਮਿਠਾਸ ਦਾ ਰੰਗ ਐ। ਖ਼ੈਰ.. ੜਜਨਾਬ! ਪੰਜਾਬ ਦੀ ਮਿੱਟੀ ਨੇ ਪੰਜਾਬੀ ਸੰਗੀਤ ਜਗਤ ਨੂੰ ਅਨੇਕਾਂ ਹੀ ਬੇਸ਼-ਕੀਮਤੀ ਲਾਲ ਬਖ਼ਸ਼ੇ ਤੇ ਉਹਨਾਂ ਬੇਸ਼-ਕੀਮਤੀ ਲਾਲਾਂ ਦੀ ਚਮਕ ਲੰਬਾ ਅਰਸਾਂ ਬੀਤ ਜਾਣ ਤੇ ਅੱਜ ਵੀ ਜਿਉਂ ਦੀ ਤਿਉਂ ਬਰਕਰਾਰ ਹੈ। ਬੇਸ਼ੱਕ ਇਹਨਾਂ ਵਿੱਚੋਂ ਜੋ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਪਰ ਲੋਕ ਮਨਾਂ 'ਤੇ ਉਹਨਾਂ ਦਾ ਉਕਰਿਆਂ ਪ੍ਰਭਾਵ ਰਹਿੰਦੀ ਦੁਨੀਆਂ ਤੱਕ ਬਣਿਆ ਰਹੇਗਾ। ਉਹਨਾਂ ਵਿੱਚੋਂ ਹੀ ਇੱਕ ਦੋਗਾਣਾ ਗਾਇਕੀ ਦੀ ਅਮਰ ਅਵਾਜ਼ ਦਾ ਨਾਂ ਸੀ - ਅਮਰ ਸਿੰਘ ਚਮਕੀਲਾ ਤੇ ਬੀਬਾ ਅਮਰਜੋਤ

ਅਮਰ ਸਿੰਘ ਚਮਕੀਲੇ ਦਾ ਜਨਮ ਸ਼ਹਿਰ ਲੁਧਿਆਣੇ ਦੇ ਕਸਬਾ ਦੁੱਗਰੀ ਵਿੱਚ ਹੋਇਆ। ਅਤਿ ਦੀ ਗਰੀਬੀ ਤੇ ਇੱਕ ਦਲਿਤ ਪਰਿਵਾਰ ਵਿੱਚ ਜਨਮੇਂ ਅਮਰ ਸਿੰਘ ਚਮਕੀਲੇ ਦਾ ਬਚਪਨ ਦਾ ਨਾਂ ਧਨੀ ਸਿੰਘ ਸੀ। ਚਮਕੀਲੇ ਦੇ ਪੈਦਾ ਹੋਣ ਤੋਂ ਕੁਝ ਸਮਾਂ ਪਹਿਲਾ ਕਿਸੇ ਪੰਡਿਤ ਨੇ ਚਮਕੀਲੇ ਦੇ ਪਿਤਾ ਨੂੰ ਦੱਸਿਆ ਸੀ ਕਿ ਤੇਰੀ ਇਹ ਹੋਣ ਵਾਲੀ ਔਲਾਦ ਕਿਸਮਤ ਦੀ ਧਨੀ ਹੋਵੇਗੀ ਤਾਂ ਹੀ ਚਮਕੀਲੇ ਦੇ ਪਿਤਾ ਨੇ ਉਹਦਾ ਨਾਂ ਧਨੀ ਸਿੰਘ ਰੱਖਿਆ ਸੀ। ਬਚਪਨ ਤੋਂ ਨਿਕਲਿਆਂ ਤੇ ਚਮਕੀਲੇ ਨੂੰ ਪੜ੍ਹਨੇ ਪਾ ਦਿੱਤਾ, ਪਰ ਘਰ ਦੀਆਂ ਤੰਗੀਆਂ-ਤੁਰਸੀਆਂ ਦੇ ਕਰਕੇ ਚਮਕੀਲਾ ਸਿਰਫ਼ ਪੰਜ ਜਮਾਤਾਂ ਹੀ ਪਾਸ ਕਰ ਸਕਿਆ। ਵੈਸੇ ਵੀ ਬਚਪਨ ਤੋਂ ਉਸਦਾ ਝੁਕਾਅ ਪੜ੍ਹਾਈ ਨਾਲੋਂ ਜਿਆਦਾ ਸੰਗੀਤ ਵੱਲ ਸੀ। ਬੜੇ ਹੀ ਤੇਜ਼ ਦਿਮਾਗ ਵਾਲੇ ਇਨਸ਼ਾਨ ਚਮਕੀਲੇ ਦੀ ਇਹ ਫਿਤਰਤ ਸੀ ਕਿ ਇੱਕ ਵਾਰ ਜਿਹੜਾ ਵੀ ਗੀਤ ਸੁਣ ਲੈਂਦਾ ਤੇ ਆਪਣੀ ਜ਼ੁਬਾਨ 'ਤੇ ਤੋਤੇ ਵਾਂਗ ਰੱਟ ਲੈਂਦਾ। ਜਿਸ ਦਾ ਸਬੂਤ ਸਕੂਲ ਦੀ ਬਾਲ-ਸਭਾ ਵਿੱਚ ਗਾਉਂਦਾ ਸੁਣਕੇ ਉਹਨੂੰ ਪੰਜਾਬੀ ਵਾਲੇ ਮਾਸਟਰ ਨੇ ਗਾਉਣ ਦੀ ਹੱਲਾ-ਸ਼ੇਰੀ ਦਿੱਤੀ। ਪਰ ਚਮਕੀਲੇ ਦੀ ਮਾਤਾ ਦੀ ਮੌਤ ਹੋਣ ਕਾਰਨ ਉਹਨੂੰ ਪੜ੍ਹਾਈ ਛੱਡਣੀ ਪਈ ਕਿਉਂਕਿ ਘਰ ਦਾ ਕੰਮਕਾਰ ਕਰਨ ਵਾਲਾ ਹੋਰ ਕੋਈ ਨਹੀਂ ਸੀ ਅਤੇ ਜਲਦੀ ਹੀ ਉਸਦਾ ਵਿਆਹ ਮਾਤਾ ਗੁਰਮੇਲ ਕੌਰ ਨਾਲ ਕਰ ਦਿੱਤਾ। ਘਰ-ਗ੍ਰਹਿਸਤੀ ਚਲਾਉਣ ਲਈ ਫੇਰ ਚਮਕੀਲਾ ਲੁਧਿਆਣੇ ਦੀ ਇੱਕ ਫੈਕਟਰੀ ਵਿੱਚ ਫੋਰਮੈਨ ਵਜੋਂ ਕੰਮ ਕਰਨ ਲੱਗਾ ਤੇ ਆਰਥਿਕ ਤੰਗੀਆਂ ਕਾਰਨ ਉਸਨੂੰ ਸੰਗੀਤਕ ਖੇਤਰ ਵਿੱਚ ਆਉਣ ਲਈ ਬੜਾ ਸੰਘਰਸ ਕਰਨਾ ਪਿਆ। ਪਰ ਉਸ ਦੇ ਸੰਗੀਤਕ ਸਫ਼ਰ ਦੀ ਸ਼ੁਰੂਆਤ ਗਾਇਕੀ ਨਾਲੋਂ ਪਹਿਲਾ ਗੀਤਕਾਰੀ ਵਜੋਂ ਹੋਈ ਬਾਕੀ ਜਿੱਥੋਂ ਵੀ ਕੁਝ ਮਿਲਦਾ, ਉਹ ਉੱਥੋਂ ਹੀ ਸਿੱਖਦਾ, ਕਦੇ ਕੋਈ ਮੌਕਾ ਨਾ ਗੁਵਾਉਂਦਾ। ਜਿਸ ਤਰ੍ਹਾਂ ਉਹ ਲੁਧਿਆਣੇ ਗਾਇਕਾਂ ਕੋਲ ਆਪਣੇ ਗੀਤ ਲੈ ਕੇ ਜਾਂਦਾ, ਏਸੇ ਤਰ੍ਹਾਂ ਉਹ ਆਪਣੀ ਪਹਿਚਾਣ ਉਹਨਾਂ ਨਾਲ ਵਧਾਉਂਦਾ ਗਿਆ। ਪੰਜਾਬੀ ਗਾਇਕੀ ਦੇ ਸਥਾਪਿਤ ਥੰਮਾਂ ਵਿੱਚ ਆਪਣੇ-ਆਪ ਨੂੰ ਸਥਾਪਿਤ ਕਰਨਾ ਉਸ ਲਈ ਕੋਈ ਸੌਖੀ ਗੱਲ ਨਹੀਂ ਸੀ। ਕਿਸੇ ਪ੍ਰੋਗਰਾਮ ਦੌਰਾਨ ਪ੍ਰਸਿੱਧ ਗਾਇਕ ਸੁਰਿੰਦਰ ਛਿੰਦਾ ਨੇ ਚਮਕੀਲੇ ਨੂੰ ਗਾਉਂਦਾ ਸੁਣਿਆ ਤਾਂ ਉਹਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਆਪਣਾ ਸਾਗਿਰਦ ਬਣਾ ਲਿਆ, ਬਸ ਇੱਥੋਂ ਈ ਚਮਕੀਲੇ ਦੀ ਗਾਇਕੀ ਦਾ ਮੁੱਢ ਬੱਜਿਆ ਤੇ ਫੇਰ ਉਹ ਕੁਝ ਗਾਇਕਾਂ ਨਾਲ ਸਾਜੀ ਤੌਰ 'ਤੇ ਜਾਂ ਫੇਰ ਉਹ ਸਟੇਜਾਂ ਤੇ ਇੱਕ-ਦੋ ਗੀਤਾਂ ਨਾਲ ਆਪਣੀ ਹਾਜ਼ਰੀ ਲੁਵਾ ਕੇ ਆਪਣੇ-ਆਪ ਨੂੰ ਸੰਗੀਤ ਜਗਤ ਵਿੱਚ ਪਰਪੱਕ ਕਰਦਾ ਗਿਆ।

ਏਸੇ ਤਰ੍ਹਾਂ ਜਨਾਬ-ਏ-ਅਲੀ! ਸਮਾਂ ਆਪਣੀ ਚਾਲ ਚੱਲਦਾ ਗਿਆ ਤੇ ਚਮਕ-ਲਿਲੇ ਨੇ ਆਪਣੀ ਜੱਦੋਂ-ਜਹਿਦ ਜ਼ਾਰੀ ਰੱਖੀ । ਐਸ ਵੇਲੇ ਬਾਕੀ ਚਮਕੀਲਾ ਲੁਧਿਆਣਾ ਕਲਾਕ-ਾਰਾਂ ਦੀ ਨਗਰੀ ਚ' ਆਪਣਾ ਕਾਫੀ ਨਾਂ ਬਣਾ ਚੁੱਕਾ ਸੀ ਤੇ ਆਖ਼ਰ ਪ੍ਰਸਿੱਧ ਗਾਇਕ ਸੁਰਿੰਦਰ ਛਿੰਦਾ ਨਾਲ ਗਾਉਣ ਵਾਲੀ ਸੁਰਿੰਦਰ ਸੋਨੀਆ ਨਾਲ ਚਮਕੀਲੇ ਦਾ ਪਹਿਲਾ ਈ. ਪੀ. ਜਨਾਬ ਚਰਨਜੀਤ ਅਹੂਜਾ ਦੇ ਸੰਗੀਤ ਨਾਲ ਸਿੰਗਾਰਿਆ ਐਚ. ਐਮ. ਵੀ. ਕੰਪਨੀ ਵੱਲੋਂ ਰਿਲੀਜ਼ ਕੀਤਾ ਗਿਆ। ਜਿਸ ਵਿੱਚੋਂ ਗੀਤ "ਟਕੂਏ ਤੇ ਟਕੂਆਂੜ" ਦੀ ਮਿਲੀ ਅਥਾਹ ਪ੍ਰਸਿੱਧੀ ਨੇ ਚਮਕੀਲੇ ਲਈ ਦੌਲਤ ਤੇ ਸੋਹਰਤ ਦੇ ਸਾਰੇ ਦਰਵਾਜੇ ਖੋਲ ਦਿੱਤੇ। ਫੇਰ ਤਾਂ ਚੱਲ ਸੋ ਚੱਲ ਇੱਕ ਤੋਂ ਬਾਅਦ ਇੱਕ ਸੁਪ-ਡੁਪਰ ਹਿੱਟ ਗੀਤਾਂ ਨੇ ਹਰ ਪਾਸੇ ਚਮਕੀਲਾ-ਚਮਕੀਲਾ ਕਰਵਾ ਦਿੱਤੀ। ਇੱਥੇ ਮੈਂ ਤੁਹਾਡੇ ਨਾਲ ਗੀਤ "ਟਕੂਏ ਤੇ ਟਕੂਆਂੜ" ਦੇ ਕੁਝ ਬੋਲ ਤੁਹਡੇ ਨਾਲ ਸਾਂਝੇ ਕਰ ਰਿਹਾ:-

"ਤੇਰੇ ਭਾਈਆਂ ਨਾਲ ਪੈਗੀ ਦੁਸ਼ਮਣੀ,
ਤੇਰੇ ਨਾਲ ਪੈ ਗਈ ਯਾਰੀ!
ਪੰਜ ਭਾਈ ਇੱਕ ਬਾਪੂ ਤੇਰਾ,
ਰਿਸਤੇਦਾਰੀ ਭਾਰੀ!!
ਜੇ ਤੈਥੋ ਨਹੀਂ ਨਿਭਦੀ, ਛੱਡਦੈ ਵੈਰਨੇ ਯਾਰੀੜ"

ਉਸ ਤੋਂ ਬਾਅਦ.. "ਪਹਿਲੇ ਲਲਕਾਰੇ ਨਾਲੜ", "ਬਾਪੂ ਸਾਡਾ ਗੁੰਮ ਹੋ ਗਿਆਂੜ", "ਠੇਕੇ ਤੇ ਬੈਠਾ ਰਹਿੰਦਾੜ" ਤੇ "ਕੁੜਤੀ ਸੱਤ ਰੰਗ ਦੀੜ" ਵਰਗੇ ਸੁਪਰ-ਡੁਪਰ ਹਿੱਟ ਗੀਤਾਂ ਨੇ ਪੰਜਾਬੀ ਗਾਇਕੀ ਦੇ ਵੱਡੇ-ਵੱਡੇ ਖੁੰਢ ਉਖੇੜ ਕੇ ਰੱਖ ਦਿੱਤੇ ਤੇ ਹਰ ਇੱਕ ਜ਼ੁਬਾਨ 'ਤੇ ਚਮਕੀਲਾ-ਚਮਕੀਲਾ ਹੋਣ ਲੱਗ ਪਈ।



ਕਾਫ਼ੀ ਸਮਾਂ ਸੁਰਿੰਦਰ ਸੋਨੀਆ ਨਾਲ ਗਾਉਣ ਤੋਂ ਬਾਅਦ ਚਮਕੀਲੇ ਤੇ ਸੋਨੀਆ ਦੀ ਜੋੜੀ ਟੁੱਟੀ ਤਾਂ ਬੀਬਾ ਅਮਰਜੋਤ ਦਾ ਚਮਕੀਲੇ ਦੀ ਜ਼ਿੰਦਗੀ ਵਿੱਚ ਆਉਣ ਦਾ ਸਬੱਬ ਬਣਿਆ ਤੇ ਦੋਹਾਂ ਦੀ ਜੋੜੀ ਸਰੋਤਿਆਂ ਦੀ ਕਚਹਿਰੀ ਪ੍ਰਵਾਨ ਚੜੀ ਤੇ ਦੋਹਾਂ ਨੇ ਵਿਆਹ ਕਰਵਾਉਣ ਦਾ/ ਇੱਕ ਹੋਣ ਦਾ ਫੈਸਲਾ ਕਰ ਲਿਆ। ਫੇਰ ਚਮਕੀਲੇ-ਅਮਰਜੋਤ ਦੀ ਜੋੜੀ ਨੇ ਮੁੜ ਕੇ ਪਿਛਾਂਹ ਨਹੀਂ ਦੇਖਿਆ ਤੇ ਚਮਕੀਲੇ ਦੇ ਦਫ਼ਤਰ ਅੱਗੇ ਪ੍ਰੋਗਰਾਮ ਬੁੱਕ ਕਰਵਾਉਣ ਵਾਲਿਆਂ ਦੀਆਂ ਕਤਾਰ ਲੱਗੀ ਰਹਿੰਦੀ। ਉਹ ਪੰਜਾਬੀ ਸੰਗੀਤ ਜਗਤ ਦਾ ਪਹਿਲਾ ਸਭ ਤੋਂ ਛੋਟੀ ਉਮਰ ਦਾ ਗਾਇਕ ਸੀ ਜਿਸ ਨੇ ਸਿਰਫ਼ 23-24 ਸਾਲ ਦੀ ਉਮਰ ਵਿੱਚ ਹੀ ਕਹਿੰਦੇ-ਕਹਾਉਂਦਿਆਂ ਨੂੰ ਆਪਣੀ ਕਲਾ ਦੇ ਜਰੀਏ ਸੋਚੀਂ ਪਾ ਦਿੱਤਾ ਸੀ। ਉਸ ਵਿੱਚ ਸਭ ਤੋਂ ਵੱਡੀ ਖਾਸੀਅਤ ਇਹ ਸੀ ਕਿ ਉਸਨੇ ਏਨੀ ਬੁਲੰਦੀ ਤੇ ਪਹੁੰਚਕੇ ਵੀ ਆਪਣੇ ਪੈਰ ਸਦਾ ਜ਼ਮੀਨ ਤੇ ਟਿਕਾ ਕੇ ਰੱਖੇ। ਉਹ ਗਰੀਬਾਂ ਦੀ ਮੱਦਦ ਕਰਨ ਵਿੱਚ ਸਭ ਤੋਂ ਅੱਗੇ ਹੁੰਦਾ। ਇਸ ਦਾ ਵੱਡਾ ਕਾਰਨ ਇਹ ਸੀ ਕਿ ਉਸਨੇ ਆਪਣੇ ਤਨ ਤੇ ਗਰੀਬੀ ਦਾ ਸੰਤਾਪ ਜੋ ਹੰਡਾਇਆ ਹੋਇਆ ਸੀ।

ਚਮਕੀਲੇ ਦੇ ਗੀਤਾਂ ਦੀ ਸ਼ਬਦਾਵਲੀ ਠੇਠ ਪੇਂਡੂ ਮੁਹਾਵਰਿਆਂ ਭਰਪੂਰ ਹੈ। ਉਸ ਨੇ ਜਿਆਦਾਤਰ ਪਰਿਵਾਰਿਕ ਰਿਸਤਿਆਂ ਵਿਚਲੀਆਂ ਸੱਚਾਈਆਂ ਨੂੰ ਆਪਣੇ ਗੀਤਾਂ ਦਾ ਵਿਸ਼ਾ ਬਣਾ ਕੇ ਬਾਖ਼ੂਬੀ ਬਿਆਨ ਕਰਿਆ ਅਤੇ ਬਾਕੀ ਉਸ ਨੇ ਧਾਰਮਿਕ ਵਿਸ਼ਿਆ ਤੇ ਵੀ ਲਿਖ ਕੇ ਆਪਣੀ ਕਲਾ ਦੀ ਪ੍ਰਪੱਕਤਾ ਦਾ ਸਬੂਤ ਦਿੱਤਾ।

ਬਹੁਤੇ ਲੋਕ ਖ਼ਾਸ ਕਰਕੇ ਉਸ ਦੇ ਕੁਝ ਕੁ ਸਾਥੀ ਹੀ ਚਮਕੀਲੇ ਨਾਲ ਅੰਦਰੋਂ-ਅੰਦਰੀਂ ਈਰਖਾ ਰੱਖਦੇ ਸਨ ਤੇ ਉਹਨੂੰ ਲੱਚਰ ਗਾਇਕ ਕਹਿ ਕੇ ਲੋਕਾਂ ਵਿੱਚ ਭੰਡਦੇ ਰਹਿੰਦੇ ਸਨ ਬਾਕੀ ਉਸ ਵੇਲੇ ਖਾੜਕੂਵਾਦ ਦਾ ਦੌਰ ਸੀ ਅਜਿਹੇ ਦੌਰ ਵਿੱਚ ਸਟੇਜਾਂ ਲਗਾਉਣੀਆਂ ਨੰਗ੍ਹੇ ਪੈਰੀਂ ਕੰਡਿਆਂ 'ਤੇ ਤੁਰਨ ਦੇ ਬਰਾਬਰ ਸੀ ਪਰ ਚਮਕੀਲਾ ਕਦੇ ਪਿੱਛੇ ਨਾ ਹਟਿਆ ਤੇ ਆਖ਼ਰ ਉਸ ਇਸ ਦੀ ਕੀਮਤ ਆਪਣੀ ਜਾਨ ਦੇ ਕੇ ਹੀ ਚਕਾਉਣੀ ਪਈ। ਦੂਸਰੇ ਗਾਇਕ ਤਾਂ ਖਾੜਕੂਵਾਦ ਤੋਂ ਡਰਦੇ ਆਪਣਾ ਗਾਇਕੀ ਖੇਤਰ ਛੱਡਕੇ ਆਪਣੇ ਘਰ ਹੀ ਬੈਠ ਗਏ ਸਨ। ਇੱਥੇ ਇਹ ਜ਼ਿਕਰਯੋਗ ਬਣਦਾ ਕਿ ਚਮਕੀਲੇ ਦੇ ਜਿੱਦਾਂ ਦੂਸਰੇ ਗੀਤ ਤਾਂ ਸਾਰਿਆ ਨੂੰ ਰੜਕਦੇ ਸਨ ਪਰ ਕਦੇ ਕਿਸੇ ਨੇ ਉਸ ਦੇ "ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ" ਤੇ "ਤਲਵਾਰ ਮੈਂ ਕਲਗੀਧਰ ਦੀ ਹਾਂੜ" ਵਰਗੇ ਗੀਤਾਂ ਦੀ ਸਿਫ਼ਤ ਕਿਉਂ ਨਾ ਕੀਤੀ। ਇਹੀ ਬਹੁਤੇ ਲੋਕਾਂ ਦੀ ਨਕਾਰਾਤਮਕ ਸੋਚ ਦਾ ਹੀ ਨਤੀਜਾ ਹੈ।

ਸਿੱਟਾ ਇਹ ਹੈ ਕਿ ਅੱਜ ਚਮਕੀਲਾ ਸਾਡੇ ਵਿੱਚ ਨਹੀਂ। ਆਖ਼ਿਰ ਉਸ ਮਾੜੇ ਦੌਰ ਵਿੱਚ ਉਹ ਕੁਲਹਿਣੀ ਘੜੀ ਆਈ, ਜਦੋਂ ਜਲੰਧਰ ਦੇ ਨੇੜਲੇ ਪਿੰਡ ਮਹਿਸਮਪੁਰ ਵਿਖੇ ਇੱਕ ਵਿਆਹ ਦੇ ਪ੍ਰੋਗਰਾਮ ਦੌਰਾਨ 28 ਮਾਰਚ 1988 ਨੂੰ ਕੁਝ ਅਖੌਤੀ ਖਾੜਕੂਆਂ ਨੇ ਚਮਕੀਲੇ-ਅਮਰਜੋਤ ਅਤੇ ਉਹਨਾਂ ਦੇ ਦੋ ਹੋਰ ਸਾਥੀਆਂ ਨੂੰ ਗੋਲੀਆਂ ਨਾਲ ਭੁੰਨਕੇ ਆਪਣੀ ਲੰਬੇ ਸਮੇਂ ਦੀ ਭੜਾਸ ਕੱਢ ਲਈ, ਪਰ ਇਹਨਾਂ ਪਾਪੀਆਂ ਨੂੰ ਕੀ ਪਤਾ ਸੀ ਕਿ ਚਮਕੀਲੇ ਨੂੰ ਸਰੀਰਿਕ ਤੌਰ 'ਤੇ ਤਾਂ ਭਾਵੇਂ ਸਾਥੋਂ ਸਦਾ ਲਈ ਖੋਹ ਲਿਆ, ਪਰ ਲੋਕ ਮਨਾਂ ਤੇ ਉਸ ਦੀ ਛਾਪ ਹੋਰ ਗੂੜੀ ਹੋ ਜਾਵੇਗੀ। ਚਮਕੀਲਾ ਤਾਂ ਅਮਰ ਸੀ... ਅਮਰ ਹੈੜ ਤੇ ਸਦਾ ਹੀ ਰਹਿੰਦੀ ਦੁਨੀਆ ਤੀਕ ਅਮਰ ਰਹੇਗਾ।

# ਹਾਕੀ ਕੋਚ ਦਰਸ਼ਨ ਸਿੰਘ ਆਸੀ ਕਲਾਂ ਕਿਲਾ ਰਾਏਪੁਰ ਹਾਕੀ ਕੱਪ

## ਡੀਏਵੀ ਸ਼ਾਹਬਾਦ ਮਾਰਕੰਡਾ, ਐੱਸਜੀਪੀਸੀ ,ਸੋਨੀਪਤ ,ਅਤੇ ਮਾਲਵਾ ਅਕੈਡਮੀ ਸੈਮੀ ਫਾਈਨਲ ਵਿੱਚ ਪੁੱਜੇ





**ਲੁਧਿਆਣਾ (ਬਿਊਰੋ)**– ਯੂਥ ਕਲੱਬ, ਗ੍ਰਾਮ ਪੰਚਾਇਤ ਕਿਲ੍ਹਾ ਰਾਏਪੁਰ ਅਤੇ ਪ੍ਰਵਾਸੀ ਹਾਕੀ ਪ੍ਰੇਮੀਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਕੋਚ ਦਰਸ਼ਨ ਸਿੰਘ ਆਸੀ ਕਲਾਂ ਹਾਕੀ ਕੱਪ ਦੇ ਦੂਸਰੇ ਦਿਨ ਕਿਲਾ ਰਾਇਪੁਰ ਸਕੂਲ ਦੇ ਖੇਡ ਮੈਦਾਨਾਂ ਵਿੱਚ ਹਾਕੀ ਖੇਡ ਦਾ ਵਧੀਆ ਮਜ਼ਮਾ ਵੇਖਣ ਨੂੰ ਮਿਲਿਆ । ਵੱਖ ਵੱਖ ਟੀਮਾਂ ਦੇ ਸੰਘਰਸ਼ ਪੂਰਨ ਅਤੇ ਰੋਮਾਂਚਕ ਹਾਕੀ ਮੁਕਾਬਲੇ ਹੋਏ।

ਅੱਜ ਦੂਸਰੇ ਦਿਨ ਖੇਡੇ ਗਏ ਕੁਆਰਟਰ ਫਾਈਨਲ ਮੈਚਾਂ ਵਿੱਚ ਸ਼ਾਹਬਾਦ ਮਾਰਕੰਡਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਸੋਨੀਪਤ ਹਾਕੀ ਸੈਂਟਰ, ਅਤੇ ਮਾਲਵਾ ਅਕੈਡਮੀ ਲੁਧਿਆਣਾ ਨੇ ਆਪੋ ਆਪਣੇ ਮੁਕਾਬਲੇ ਜਿੱਤ ਕੇ ਆਪਣੀ ਸੈਮੀਫਾਈਨਲ ਵਿੱਚ ਜਗ੍ਹਾ ਪੱਕੀ ਕੀਤੀ ।

ਅੱਜ ਖੇਡੇ ਗਏ ਕੁਆਰਟਰ ਫਾਈਨਲ ਮੈਚਾਂ ਵਿੱਚ ਡੀਏਵੀ ਸ਼ਾਹਬਾਦ ਮਾਰਕੰਡਾ ਨੇ ਚੀਮਾ ਅਕੈਡਮੀ ਬਟਾਲਾ ਨੂੰ 3-0 ਗੋਲਾਂ ਨਾਲ ,ਮਾਲਵਾ ਅਕੈਡਮੀ ਲੁਧਿਆਣਾ ਨੇ ਰਾਮਪੁਰ ਹਾਕੀ ਸੈਂਟਰ ਨੂੰ 2-1ਗੋਲਾਂ ਨਾਲ, ਸੋਨੀਪਤ ਹਾਕੀ ਸੈਂਟਰ ਨੇ ਜਰਖੜ ਹਾਕੀ ਅਕੈਡਮੀ ਨੂੰ 3-2 ਗੋਲਾਂ ਨਾਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਕਿਲ੍ਹਾ ਰਾਏਪੁਰ ਅਕੈਡਮੀ ਨੂੰ 3-1 ਗੋਲਾਂ ਨਾਲ ਹਰਾ ਕੇ ਆਖ਼ਰੀ ਚਾਰਾਂ ਚ ਆਪਣੀ ਜਗ੍ਹਾ ਪੱਕੀ ਕੀਤੀ ਹੈ ।

ਇਸ ਤੋਂ ਇਲਾਵਾ ਪਿੰਡ ਕਿਲਾ ਰਾਏਪੁਰ ਨਾਲ ਸੰਬੰਧਿਤ ਪੱਤੀਆਂ ਤੇ ਆਧਾਰਤ ਬਣੀਆਂ ਟੀਮਾਂ ਵਿਚ ਆਸੀ ਪੱਤੀ ਨੇ ਸਮੀਰੀਆ ਪੱਤੀ ਨੂੰ 1-0 ਨਾਲ, ਨਨਕਾਣਾ ਪੱਤੀ ਨੇ ਸੀਮਾ ਪੱਤੀ 2-1, ਰੰਗਾ ਪੱਤੀ ਨੇ ਕਿਲਾ ਪੱਤੀ ਨੂੰ 2-1 ਗੋਲਾ ਗੋਲਾਂ ਨਾਲ ਹਰਾ ਕੇ ਅਗਲੇ ਗੇੜ ਵਿੱਚ ਪ੍ਰਵੇਸ਼ ਕੀਤਾ। ਅੱਜ ਦੇ ਮੈਚਾਂ ਦੌਰਾਨ ਡਾ ਰਾਜ ਕੁਮਾਰ ਡਾਇਰੈਕਟਰ ਸਪੋਰਟਸ ਲਵਲੀ ਯੂਨੀਵਰਸਿਟੀ ਜਲੰਧਰ ,ਕਰਮਜੀਤ ਸਿੰਘ ਬਰਾੜ ਸਾਬਕਾ ਹੈੱਡ ਆਫ਼ਿਸ ਡਿਪਾਰਟਮੈਂਟ ਖੇਡਾਂ ਗੁਰੂਸਰ ਕਾਲਜ ਸੁਧਾਰ, ਜਗਵਿੰਦਰ ਸਿੰਘ ਗਰੇਵਾਲ ਹਾਕੀ ਕੋਚ, ਪ੍ਰਿੰਸੀਪਲ ਪਰਮਜੀਤ ਕੌਰ, ਸ੍ਰੀਮਤੀ ਬਿੰਦੂ ਮੈਡਮ ਵਾਈਸ ਪ੍ਰਿੰਸੀਪਲ ਕਿਲ੍ਹਾ ਰਾਏਪੁਰ ਸਕੂਲ, ਨਛੱਤਰ ਸਿੰਘ ਸੱਤੋ ਸਾਬਕਾ ਕੌਮੀ ਹਾਕੀ ਖਿਡਾਰੀ, ਅਜੀਤ ਸਿੰਘ ਲਾਦੀਆਂ ਨੇ ਮੁੱਖ ਮਹਿਮਾਨ ਵਜੋਂ ਵੱਖ ਵੱਖ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ।

# ਨਾਰੀ ਜੰਨਤ ਦੀ ਪਰਿਭਾਸ਼ਾ

ਨਾਰੀ ਜੰਨਤ ਦੀ ਪਰਿਭਾਸ਼ਾ।
ਨਾਰੀ ਪੀੜੀ ਦੀ ਅਭਿਲਾਸ਼ਾ।
ਨਾਰੀ ਮੰਦਰ ਵਿਚ ਜਿਉਂ ਜਯੋਤੀ।
ਨਾਰੀ ਮਮਤਾ ਵਾਲੀ ਗੋਦੀ।
ਨਾਰੀ ਸ਼ੀਤਲ ਨੀਰ ਸਮੁੰਦਰ।
ਨਾਰੀ ਸੱਚ ਖੰਡ ਵਿਚ ਹਰਿ ਮੰਦਰ।
ਨਾਰੀ ਧਰਤੀ ਨਾਰੀ ਅੰਬਰ।
ਨਾਰੀ ਸੁਖਮਨੀ ਦੁਖ ਅੰਦਰ।
ਨਾਰੀ ਸ਼ੁਭ ਮੰਗਲ ਅਭਿਵਾਦਨ।
ਨਾਰੀ ਮਾਰੂਥਲ ਵਿਚ ਸਾਵਣ।

ਨਾਰੀ ਅਗਨੀ ਵਾਲਾ ਮੰਜ਼ਰ।
ਨਾਰੀ ਦੁਸ਼ਮਣ ਦੇ ਲਈ ਖੰਜ਼ਰ।
ਨਾਰੀ ਸਤਿਅਮ ਸੁੰਦਰਮ ਸ਼ਕਤੀ।
ਨਾਰੀ ਪੂਜਾ ਨਾਰੀ ਭਗਤੀ।
ਨਾਰੀ ਬੰਦਨਵਾਰ ਜਿਉਂ ਦਰ ਤੇ।
ਨਾਰੀ ਕਿਰਪਾ ਦ੍ਰਿਸ਼ਟੀ ਘਰ ਤੇ।
ਨਾਰੀ ਜਿਉਂ ਖਿੜਦੀ ਖੁਸ਼ਹਾਲੀ।
ਨਾਰੀ ਸਾਰੇ ਜਗ ਦੀ ਵਾਲੀ।
ਨਾਰੀ ਵਗਦਾ ਦਰਿਆ ਹੈ ਪਰ।
ਨਾਰੀ ਚੜ੍ਹਦੇ ਹੜ੍ਹ ਦਾ ਹੈ ਡਰ।

ਨਾਰੀ ਮੰਗਲ ਕਲਸ਼ ਪਿਆਰਾ।
ਨਾਰੀ ਰੱਬ ਦਾ ਰੂਪ ਨਿਆਰਾ।
ਨਾਰੀ ਕਰਕੇ ਇਹ ਸੰਸਾਰ।
ਨਾਰੀ ਕਰਕੇ ਸਭ ਭੰਡਾਰ।
ਨਾਰੀ ਮਿਹਰਾਂ ਵਾਲੀ ਦਾਤੀ।
ਨਾਰੀ ਸੂਰਜ ਵਾਲੀ ਝਾਤੀ।
ਨਾਰੀ ਕੋਮਲ ਗੰਦਲ ਵਾਂਗੂੰ।
ਨਾਰੀ ਖੁਸ਼ਬੂ ਚੰਦਨ ਵਾਂਗੂੰ।
ਨਾਰੀ ਵੇਲ ਮੁਹੱਬਤ ਵਾਲੀ।
ਨਾਰੀ ਫੁੱਲਾਂ ਲੱਦੀ ਡਾਲੀ।

ਨਾਰੀ ਸਰਬ ਕਲਾ ਸੰਪੂਰਨ।
ਨਾਰੀ ਅਰਪਨ ਨਾਰੀ ਦਰਪਨ।
ਨਾਰੀ ਸਾਰੇ ਜਗ ਦੀ ਜਨਨੀ।
ਨਾਰੀ ਜਿਉਂ ਦੀਵੇ ਦੀ ਅਗਨੀ।
ਨਾਰੀ 'ਬਾਲਮ' ਪਾਕ ਪਵਿੱਤਰ।
ਨਾਰੀ ਸਭ ਤੋਂ ਸੱਚਾ ਮਿੱਤਰ।

**- ਬਲਵਿੰਦਰ 'ਬਾਲਮ'**
**ਗੁਰਦਾਸਪੁਰ**
**91-98156-25409**



# SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376



# SUNSHINE AUTO CARE INC.

DBA

# PHILLIPS AUTO CARE

## Auto Services:

- Oil Change Services
- Factory Scheduled Maintenance
- Transmission Repair / Replacement
- 4WD Repairs Clutch Replacement
- Power Door Lock & Windows Repairs
- Electrical / Battery Service & Repair
- Engine Diagnostic Service
- Air Conditioning Service & Repair
- Cooling System Service & Repair
- Major Engine Repair
- Brake Repairs
- And Much More...

## Trucks & Trailers Services:

- DPF Filter Cleaning
- Clutch
- Computer Check
- Transmission
- Differential
- New / Use Tires
- Inspections
- Oil changes
- Van/Reefer Work
- Wheel Balancing
- Truck & Trailer Repair
- All Major & Minor Repairs
- We Do Aluminium Welding



ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੋਪ ਵੀ ਕਰਦੇ ਹਾਂ

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

ACCEPTED HERE
Com-Check
T-Check
EFS Check

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)

Address: 1003 Moffat Blvd, Manteca CA 95336

“Ambedkar Times” & “Desh Doaba” fondly remember Mr C. L. Chumber on his 63rd Birthday



Ambedkar Times & Desh Doaba weekly newspapers fondly remember Mr C. L. Chumber on his 63rd Birthday. His contribution towards the legacy of the Ad Dharm movement in the form of his well-documented writings is praise worthy. He published a souvenir on the Ad Dharm and the role of Babu Mangu Ram Mugowalia Ji in the awakening of Dalit consciousness in pre-partition Punjab. The right tribute to Mr C. L. Chumber Sahib will be to reproduce his writings in a series of columns in Ambedkar Times and Desh Doaba weekly newspapers. So on his 63rd Birthday, we are going to reproduce from this week in “Desh Doaba” weekly newspaper. -

**Prem K. Chumber**

# ਸਾਡੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਦਾ ਪ੍ਰਬੰਧ ਕਿਹੋ ਜਿਹਾ ਹੋਵੇ!- ਸੀ ਐਲ ਚੁੰਬਰ

ਗੁਰੂ ਨਾਨਕ ਮਹਾਰਾਜ ਨੇ ਫੁਰਮਾਇਆ ਹੈ ਕਿ ਪਹਿਲਾਂ ਪਾਣੀ ਜੀਵ ਹੈ। ਗੁਰੂ ਰਵਿਦਾਸ ਮਹਾਰਾਜ ਨੇ ਫੁਰਮਾਇਆ ਹੈ- ਤੋਹੀ ਮੋਹੀ ਅੰਤਰ ਕੈਸਾ, ਕਨਕ ਕਟਕ ਜਲ ਤਰੰਗ ਜੈਸਾ ਭਾਵ ਆਦਮੀ ਅਤੇ ਔਰਤ ਵਿਚ, ਗਰੀਬ ਅਤੇ ਅਮੀਰ ਵਿਚ, ਬੰਦੇ ਅਤੇ ਰੱਬਵਿਚ ਕੋਈ ਅੰਤਰ ਨਹੀਂ ਹੈ। ਅਸੀਂ ਰੱਬ ਦੇ ਬੰਦੇ ਹਾਂ, ਪਰ ਅਸੀਂ ਤੂੰ-ਤੂੰ, ਮੈਂ-ਮੈਂ ਦੇ ਚੱਕਰ ਵਿਚ ਪੈ ਕੇ ਮਨੁੱਖਾ ਦੁਰਲੱਭ ਜੀਵਨ ਗਵਾ ਬਹਿੰਦੇ ਹਾਂ। ਜੇ ਗੁਰੂ ਨਾਨਕ ਨੇ ਪਾਣੀ ਨੂੰ ਪਹਿਲਾਂ ਜੀਵ ਐਲਾਨਿਆ ਹੈ, ਭਾਵ ਅਸੀਂ ਪਾਣੀ ਦੇ ਜਾਏ ਹਾਂ ਕਿਉਂਕਿ ਸਾਡੇ ਸਰੀਰ ਦਾ ਸੱਤਰ ਪ੍ਰਤੀਸ਼ਤ ਹਿੱਸਾ ਪਾਣੀ ਤੋਂ ਬਣਿਆ ਹੈ। ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਫੁਰਮਾਇਆ ਹੈ ਕਿ ਜਿਵੇਂ ਪਾਣੀ ਅਤੇ ਪਾਣੀ ਵਿਚ ਉਪਜੀ ਲਹਿਰ ਵਿਚ ਕੋਈ ਫਰਕ ਨਹੀਂ ਹੈ ਅਤੇ ਉਸ ਤੋਂ ਬਣੇ ਗਹਿਣਿਆਂ ਵਿਚ ਕੋਈ ਫਰਕ ਨਹੀਂ। ਪਰ ਅਸੀਂ ’ਤੋਹੀ’ ਤੇ ’ਮੋਹੀ’ ਵਿਚ ਅੰਤਰ ਕਰਕੇ ਤੂੰ ਤੂੰ, ਮੈਂ ਮੈਂ ਵਿਚ ਉਲਝ ਕੇ ਜੀਵਨ ਦੀ ਤਾਣੀ ਨੂੰ ਉਲਝਾ ਬੈਠਦੇ ਹਾਂ।

ਕੋਈ ਧਰਮ ਲੈ ਲਵੋ, ਕੋਈ ਵੀ ਸਮਾਜਿਕ, ਰਾਜਸੀ ਜਾਂ ਧਾਰਮਿਕ ਸੰਸਥਾ ਲੈ ਲਓ, ਛੋਟੀ-ਛੋਟੀ ਗੱਲ ’ਤੇ ਦੁਫੇੜ ਹੋ ਗਏ ਹਨ ਜਾਂ ਹੋ ਰਹੇ ਹਨ ਜਾਂ ਹੁੰਦੇ ਰਹਿਣਗੇ। ਕਈ ਵਾਰ ਇਸ ’ਚ ਦੁਫੇੜ ਵਿਚੋਂ ਵੀ ਵਿਕਾਸ ਹੁੰਦਾ ਹੈ, ਕੁਝ ਨਵਾਂ ਨਿਕਲਦਾ ਹੈ। ਪਰ ਨਵਾਂ ਵਿਚਾਰ, ਨਵਾਂ ਸੰਗਠਨ, ਨਵਾਂ ਧਰਮ, ਪਹਿਲਾਂ ਨਾਲੋਂ ਜ਼ਿਆਦਾ ਨਿੱਗਰ ਹੋਣ ਨਾਲ ਹੀ ਵੱਧ ਫੁੱਲ ਸਕਦਾ ਹੈ। ਬਹੁਤ ਸਾਰੇ ਪੁਰਾਣੇ ਧਰਮ ਹੁਣ ਇਤਿਹਾਸ ਦੇ ਪੰਨੇ ਬਣ ਗਏ ਹਨ। ਹੁਣ ਦੇ ਧਰਮਾਂ ਨੂੰ ਵੀ ਨਵੀਂ ਸੋਚ ਅਪਣਾ ਕੇ ਚੱਲਣਾ ਪਵੇਗਾ, ਨਹੀਂ ਤਾਂ ਸਾਇੰਸ, ਲੋਕਤੰਤਰ ਅਤੇ ਤਕਨੀਕੀ ਯੁੱਗ ਵਿਚ ਬਹੁਤ ਪੱਛੜ ਕੇ ਲੋਕਾਂ ਦੇ ਮਨੋਂ ਲਹਿ ਕੇ ਗੱਲੋਂ ਵੀ ਲਹਿ ਜਾਣਗੇ। ਸਾਡੇ ਸਾਹਮਣੇ ਹੀ ਛੂਆਛਾਤੀ ਨਿਜ਼ਾਮ ਖਤਮ ਹੋਣ ਕੰਢੇ ਹੈ ਅਤੇ ਜਾਤੀਵਾਦੀ ਨਿਜ਼ਾਮ ਵੀ ਡਾਵਾਂਡੋਲ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੁਖੀ ਅਤੇ ਕੇਂਦਰੀ ਮੰਤਰੀ ਰਹੇ ਡਾ਼ ਕਰਨ ਸਿੰਘ ਨੇ 28 ਸਾਲ ਪਹਿਲੋਂ ਲਿਖੀ ਕਿਤਾਬ ‘ਹਿੰਦੂ ਧਰਮ: ਨਈ ਚੁਣੌਤੀਆਂ’ ਵਿਚ ਲਿਖਿਆ ਸੀ ਕਿ ਹੁਣ ਜੇ ਤੁਸੀਂ ਆਪਣੇ ਬੱਚੇ ਨੂੰ ਹੀ ਦਬਾਓਗੇ ਤਾਂ ਉਹ ਵੀ ਤੁਹਾਡੇ ਖਿਲਾਫ ਬਗਾਵਤ ਕਰ ਦੇਵੇਗਾ। ਕਿਉਂ? ਕਿਉਂਕ ਹੁਣ ਜਮਾਨਾ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਪੈਦਲ ਤੁਰਨ ਵਾਲੇ ਲੋਕ ਹਵਾਈ ਜਹਾਜ਼ਾਂ ਤੋਂ ਵੀ ਅਗਲੇਰੀ ਤੋਰ ਤੁਰ ਰਹੇ ਹਨ।

ਪੰਜਾਬੀ ਵਿਚ ਅਸੀਂ ਇਕ ਗਾਣਾ ਸੁਣਿਆ ਕਰਦੇ ਸੀ- ਅੱਡੀ ਮਾਰ ਕੇ ਗੱਡੀ ਦਾ ਪਈਆ ਭੰਨਿਆ, ਚਾਅ ਮੁਕਲਾਵੇ ਦਾ। ਨਵੀਂ ਪੀੜ੍ਹੀ ਦੇਸ਼ ਵਿਦੇਸ਼ਾਂ ਦੀ ਪੜ੍ਹਾਈ ਕਰਕੇ, ਟੀ ਵੀ, ਇੰਟਰਨੈਟ ਰਾਹੀਂ ਗਿਆਨ ਵਿਗਿਆਨ ਨਾ ਮੁਕਲਾਵੇ ਜਿੰਨੇ ਚਾਅ ’ਚ ਫਿਰ ਰਿਹਾ ਹੈ। ਤਬਦੀਲੀ ਨੂੰ ਸਦਾ ਹੀ ’ਜੀ ਆਇਆਂ ਨੂੰ’ ਕਹਿਣਾ ਚਾਹੀਦਾ ਹੈ। ਇਕ ਪੀੜ੍ਹੀ ਪੱਛੜ ਗਈ ਤਾਂ ਕਈ ਪੀੜ੍ਹੀਆਂ ਪੱਛੜ ਜਾਂਦੀਆਂ ਹਨ।

ਮੰਨ ਲਵੋ ਅਸੀਂ ਕੋਈ ਅੱਜ ਸੰਸਥਾ ਬਣਾਉਂਦੇ ਹਾਂ। ਜੇ ਅਸੀਂ ਉਸੇ ਨੂੰ ਸਿਰਫ ਅੱਜ ਦੀਆਂ ਲੋੜਾਂ ਅਨੁਸਾਰ ਬਣਾਵਾਂਗੇ ਤਾਂ ਉਹ ਕੱਲ੍ਹ ਭਾਵ ਆਉਣ ਵਾਲੇ ਸਮੇਂ ਲਈ ਇੰਨੀ ਕਾਰਗਰ ਨਹੀਂ ਰਹੇਗੀ। ਅੱਜ ਅਤੇ ਕੱਲ੍ਹ ਦੋਹਾਂ ਨੂੰ ਮੁੱਖ ਰੱਖ ਕੇ ਬਣੀਆਂ ਸੰਸਥਾਵਾਂ ਅਤੇ ਵਿਚਾਰ ਹੋਣੇ ਚਾਹੀਦੇ ਹਨ। ਚਿਰ ਸਦੀਵੀ ਵਿਚਾਰ ਅੱਛੀਆਂ ਸੰਸਥਾਵਾਂ ਦੇ ਸਿਰ ’ਤੇ ਸਿਰੇ ਲੱਗਦੇ ਹਨ। ਇਸੇ ਤਰ੍ਹਾਂ ਨਿੱਗਰ ਸੰਸਥਾਵਾਂ ਹੀ ਨਿੱਗਰ ਵਿਚਾਰਾਂ ਨੂੰ ਬੰਨ੍ਹੇ-ਕੰਢੇ ਲਗਾਉਂਦੀਆਂ ਹਨ। ਸੋ ਸੰਸਥਾਵਾਂ ਵਿਚ ਨਿੱਗਰ ਸੋਚ ਵਾਲੇ ਇਮਾਨਦਾਰ, ਦੂਰ ਦ੍ਰਿਸ਼ਟੀ, ਸਵੈਮਾਣੀ, ਤਰਕਸ਼ੀਲ ਆਗੂਆਂ ਅਤੇ ਵਰਕਰਾਂ ਦੀ ਲੋੜ ਹੁੰਦੀ ਹੈ। ਨਿੱਜੀ ਤਜਰਬਾ ਤੁਹਾਡਾ ਵੀ ਹੋਵੇਗਾ ਅਤੇ ਸਾਡਾ ਵੀ ਹੈ ਕਿ ਸੰਸਥਾਵਾਂ ਵਿਚ ਫੁੱਟ ਦੇ ਮੁੱਖ ਕਾਰਨ ਹਨ- ਚੌਧਰ, ਸਰਦਾਰੀ, ਭ੍ਰਿਸ਼ਟਾਚਾਰ, ਅਸਹਿਣਸ਼ੀਲਤਾ ਅਤੇ ਨਾਰਦ ਮੁਨੀ। ਨਾਰਦ ਮੁਨੀਆਂ ਭਾਵ ’ਅੱਗ ਲਾਈ ਡੱਬੂ ਨਿਆਈਂ’ ਵਰਗਿਆਂ ਤੋਂ ਬਚਣਾ ਚਾਹੀਦਾ ਹੈ। ਇਕ-ਦੂਜੇ ਦੀ ਗੱਲ ਨੂੰ, ਸਲਾਹ ਨੂੰ ਧਿਆਨ ਨਾਲ ਸੁਣ ਕੇ ਉਸ ਵਿਚੋਂ ਚੰਗੀ ਗੱਲ ਮੰਨਣ ਨਾਲ ਕਦੇ ਵੀ ਵਿਰੋਧ ਪੈਦਾ ਨਹੀਂ ਹੁੰਦਾ। ਸਾਂਝੇ ਪੈਸੇ ਨੂੰ ਕਦੇ ਵੀ ਖਾਣਾ ਨਹੀਂ ਚਾਹੀਦਾ। ਅਸੀਂ ਮੰਨੀਏ ਚਾਹੇ ਨਾ ਮੰਨੀਏ, ਸਵਰਗ ਨਰਕ ਇੱਥੇ ਹੀ ਹੈ। ਜੇ ਕੋਈ ਕਾਲੇ ਧਨ ਨਾਲ ਅਮੀਰ ਬਣ ਗਿਆ ਤਾਂ ਉਹਦੇ ਬੱਚੇ ਵਿਗੜ ਗਏ। ਜੇ ਬੱਚੇ ਵਿਗੜ ਗਏ ਤਾਂ ਫਿਰ ਰਿਹਾ ਕੀ?

ਸਲਾਹ ਸੰਸਥਾਵਾਂ ਦੀ ਜਿੰਦ ਜਾਨ ਹੈ। ਅਖਾਣਾਂ ਕਹਾਉਤਾਂ ਕਿਸੇ ਨੇ ਐਵੇਂ ਨਹੀਂ ਬਣਾਈਆਂ। ਸਲਾਹ ਬਾਰੇ ਮੈਨੂੰ ਤਾਂ ਬਈ ਪੰਜਾਬੀ ਦੀ ਇਕ ਕਹਾਵਤ ਬੜੀ ਜਚੀ ਹੈ ਜੋ ਮੈਂ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ- ਦਾਤਣ ਫਲਾਂਹ ਦੀ ਰੰਨ ਵਿਆਹ ਦੀ ਅਤੇ ਗੱਲ ਸਲਾਹ ਦੀ। ਮੰਨ ਲਵੋ ਕਿਸੇ ’ਚ ਮੁੰਡਾ ਕੁੜੀ ਲਵ ਮੈਰਿਜ ਕਰ ਲਵੇ ਤਾਂ ਉਸ ਦੇ ਮਾਪੇ, ਰਿਸ਼ਤੇਦਾਰ ਬੜੇ ਲੋਹੇ ਲਾਖੇ ਹੋ ਜਾਂਦੇ ਹਨ। ਭਾਵੇਂ ਰਿਸ਼ਤੇਦਾਰਾਂ, ਘਰਦਿਆਂ ਦਾ ਲੱਖਾਂਆਏ ਡਾਲਰਾਂ ਪਾਊਂਡਾਂ ਦਾ ਖਰਚ ਕਿਉਂ ਨਾ ਬਚ ਗਿਆ ਹੋਵੇ। ਉਹ ਮੁੰਡੇ ਕੁੜੀ ਨੂੰ ਉਖੜੀ ਕੁਹਾੜੀ ਵਾਂਗ ਪੈਂਦੇ ਹਨ। ਕਈ ਤਾਂ ਬੇਦਖਲ ਕਰ ਦਿੰਦੇ ਹਨ। ਜੇ ਮੁੰਡਾ ਕੁੜੀ ਆਪਣੀ ਜਾਤ ਦੇ ਨਾ ਹੋਣ ਤਾਂ ਕਈ ਤਾਂ ਇੰਡੀਆ ਵਿਚ ਦੋਵਾਂ ਨੂੰ ਵੱਢ ਟੁੱਕ ਕੇ ਨਹਿਰK ਦਰਿਆ ਵਿਚ ਵੀ ਰੋੜ ਦਿੰਦੇ ਹਨ। ਕਿਸੇ ਦੀ ਸਲਾਹ ਨਾ ਮੰਨਣਾ ਕਈ ਵਾਰੀ ਇੰਨਾ ਖਤਰਨਾਕ ਬਣ ਜਾਂਦਾ ਹੈ।

ਸਿਆਣਿਆਂ ਨੇ ਫਿਰ ਲੋਕਤੰਤਰ ਦੀ ਕਾਢ ਕੱਢੀ। ਲੋਕਤੰਤਰ ਵਿਚ ਹਰ ਕਿਸੇ ਨੂੰ ਵੋਟ ਦਾ ਹੱਕ ਦੇ ਦਿੱਤਾ ਕਿ ਉਹ ਆਪਣੀ ਮਨਪਸੰਦ ਦੇ ਉਮੀਦਵਾਰ ਨੂੰ ਵੋਟ ਪਾ ਕੇ ਉਸ ਨੂੰ ਚੁਣ ਸਕਦਾ ਹੈ। ਇਹ ਲੋਕਤੰਤਰ ਦੀ ਕਰਾਮਾਤ ਹੈ ਕਿ ‘ਓਬਾਮਾ ਜੀ ਯੂਨਾਈਟਿਡ ਸਟੇਟਸ ਆਫ ਅਮੈਰਿਕਾ’ ਦੇ ਰਾਸ਼ਟਰਪਤੀ ਬਣ ਗਏ, ਨਹੀਂ ਤਾਂ ਕਿਸਨੇ ਉਹਨਾਂ ਨੂੰ ਬਣਨ ਦੇਣਾ ਸੀ। ਸ਼ ਬਾਦਲ ਅਤੇ ਸ਼ ਅਮਰਿੰਦਰ ਸਿੰਘ ਮੁੱਖ ਮੰਤਰੀ ਦੇ ਅਹੁਦੇ ’ਤੇ ਬਹਿੰਦੇ ਤੇ ਲਹਿੰਦੇ ਰਹਿੰਦੇ ਹਨ। ਸਾਡੇ ਭਾਰਤ ਨੂੰ ਲੋਕਰਾਜੀ ਸੰਵਿਧਾਨਕ ਤਾਣੇ-ਬਾਣੇ ਨੇ ਦੁਨੀਆਂ ਵਿਚ ਸਭ ਤੋਂ ਵੱਡੇ ਲੋਕਤੰਤਰ ਵਜੋਂ ਵਿਕਸਿਤ ਕੀਤਾ ਹੈ।



ਸੀ ਐਲ ਚੁੰਬਰ

ਸੋ, ਸਾਡੀਆਂ ਧਾਰਮਿਕ, ਸਮਾਜਿਕ ਅਤੇ ਰਾਜਸੀ ਸੰਸਥਾਵਾਂ ਦਾ ਪ੍ਰਬੰਧ ਲੋਕਰਾਜੀ ਹੋਣਾ ਚਾਹੀਦਾ ਹੈ। ਵੱਧ ਤੋਂ ਵੱਧ ਲੋਕਾਂ ਨੂੰ ਇਹਨਾਂ ਸੰਸਥਾਵਾਂ ਦੇ ਮੈਂਬਰ ਬਣਾ ਕੇ ਉਹਨਾਂ ਨੂੰ ਵੋਟ ਦਾ ਅਧਿਕਾਰ ਦੇ ਕੇ ਆਪਣੀ ਸੰਸਥਾ ਵਿਚ ਉਹਨਾਂ ਦੇ ਵਿਸ਼ਵਾਸ ਨੂੰ ਪੱਕਿਆਂ ਕਰਨਾ ਚਾਹੀਦਾ ਹੈ। ਆਪਣੀ ਸੰਸਥਾ ਦੀ ਮੈਂਬਰਸ਼ਿਪ ਅਤੇ ਅਹੁਦੇਦਾਰੀਆਂ ਵਿਚ ਬਿਨਾਂ ਕਿਸੇ ਜਾਤ, ਧਰਮ, ਲਿੰਗ, ਭਾਸ਼ਾ ਇਲਾਕੇ ਦਾ ਵਿਤਕਰਾ ਕੀਤਿਆਂ, ਦਿਮਾਗ ਦਾ ਘੇਰਾ ਵਿਸ਼ਾਲ ਕਰਨਾ ਚਾਹੀਦਾ ਹੈ। ਵਿਦੇਸ਼ਾਂ ਵਿਚ ਵੀ ਵੱਖਰੀਆਂ-ਵੱਖਰੀਆਂ ਜਾਤਾਂ ਦੇ ਗੁਰਦੁਆਰੇ ਕਿਉਂ ਬਣੇ? ਕਿਉਂਕਿ ਕੁਝ ਲੋਕਾਂ ਨਾਲ ਜਾਤੀ ਆਧਾਰ ’ਤੇ ਵਿਤਕਰੇ ਕੀਤੇ ਗਏ ਜਾਂ ਉਹਨਾਂ ਨੂੰ ਬਣਦਾ ਮਾਣ-ਸਨਮਾਨ ਨਹੀਂ ਦਿੱਤਾ ਗਿਆ। ਆਪਣੀ ਸੰਸਥਾ ਦਾ ਇਕ ਵੱਖਰਾ ਸੈਲ ਬਣਉਣਾ ਚਾਹੀਦਾ ਹੈ ਜੋ ਸੰਸਥਾ ਦੀ ਕਾਰਜ ਪ੍ਰਣਾਲੀ ਅਤੇ ਇਸ ਦੇ ਮੈਂਬਰਾਂ ਦੀਆਂ ਇੱਛਾਵਾਂ ਦੀ ਘੋਖ ਕਰਦਾ ਹੈ। ਤੁਸੀਂ ਕੁਝ ਸਾਲ ਠਹਿਰੋ, ਧਰਮਾਂ ਨੂੰ ਵੀ ਸਮੇਂ ਅਨੁਸਾਰ ਸੋਧਾਂ ਕਰਨੀਆਂ ਪੈਣਗੀਆਂ, ਜਿਵੇਂ ਪੋਪ ਨੇ 1992 ਵਿਚ ਧਰਤੀ ਸੂਰਜ ਦੁਆਲੇ ਘੁੰਮਦੀ ਮੰਨ ਕੇ ਮਹਾਨ ਦਾਰਸ਼ਨਿਕ ਅਤੇ ਵਿਗਿਆਨੀ ਗਲੈਲੀਓ ਨਾਲ ਕੀਤੀ ਬਦਸਲੂਕੀ ਲਈ ਮੁਆਫੀ ਮੰਗ ਕੇ ਉਹਨਾਂ ਦੀ ਯਾਦ ਵਿਚ ਡਾਕ ਟਿਕਟ ਜਾਰੀ ਕੀਤੀ ਸੀ।

ਅੰਤ ਵਿਚ ਅਸੀਂ ਗੁਰੂ ਕਬੀਰ ਜੀ ਨੂੰ ਯਾਦ ਕਰਦਿਆਂ ਉਹਨਾਂ ਦੇ ਫੁਰਮਾਨ ਨੂੰ ਆਪਣੇ ਮਨ ਵਿਚ ਧਿਆਈਏ ਅਤੇ ਉਸ ਉਪਰ ਚੱਲੀਏ-

ਕਬੀਰਾ ਜਬ ਹਮ ਆਏ ਜਗਤ ਮੇਂ, ਜਗ ਹੰਸੇ ਹਮ ਰੋਏ।
ਐਸੀ ਕਰਨੀ ਕਰ ਚਲੇ, ਹਮ ਹੰਸੇ ਜੱਗ ਰੋਏ।

**(ਸੀ ਐਲ ਚੁੰਬਰ ਦੀ ਆਪਣੀ ਲਿਖਤ)**

# ਜਨਵਰੀ ਵਿਚ ਮੁੜਕੋ-ਮੁੜਕੀ ਹੋਏ ਠੰਡੇ ਮੁਲਕ



ਡਾ. ਗੁਰਿੰਦਰ ਕੌਰ
001-408-493-9776

14 ਫਰਵਰੀ, 2020 ਨੂੰ ਅਮਰੀਕਾ ਦੀ ਨੈਸ਼ਨਲ ਓਸ਼ਿਨਿਕ ਐਂਡ ਐਟਮਸਫ਼ਿਰਿਕ ਏਜੰਸੀ (ਨੋਆ) ਅਤੇ ਇਸ ਤੋਂ ਪਹਿਲਾ ਯੂਰਪੀਅਨ ਯੂਨੀਅਨ ਦੀ ਮੌਸਮ ਸੰਬੰਧੀ ਅੰਕੜੇ ਜਾਰੀ ਕਰਨ ਵਾਲੀ ਏਜੰਸੀ ਨੇ 6 ਫਰਵਰੀ, 2020 ਨੂੰ ਖੁਲਾਸਾ ਕੀਤਾ ਹੈ ਕਿ ਇਸ ਸਾਲ ਜਨਵਰੀ ਦਾ ਮਹੀਨਾ ਪਿਛਲੇ 141 ਸਾਲਾਂ ਦੇ ਰਿਕਾਰਡ ਅਨੁਸਾਰ ਸਭ ਤੋਂ ਗਰਮ ਰਿਹਾ ਹੈ। ਨੋਆ ਅਨੁਸਾਰ ਜਨਵਰੀ ਦੇ ਮਹੀਨੇ ਵਿਚ ਧਰਤੀ ਅਤੇ ਸਮੁੰਦਰ ਦਾ ਤਾਪਮਾਨ 20ਵੀਂ ਸਦੀ ਦੇ ਔਸਤ ਤਾਪਮਾਨ (12 ਡਿਗਰੀ ਸੈਲਸੀਅਸ) ਤੋਂ 1.14 ਡਿਗਰੀ ਸੈਲਸੀਅਸ ਜ਼ਿਆਦਾ ਆਂਕਿਆ ਗਿਆ ਹੈ ਅਤੇ ਇਨ੍ਹਾਂ ਦੋਹਾਂ ਏਜੰਸੀਆਂ ਅਨੁਸਾਰ ਇਸ ਸਾਲ ਜਨਵਰੀ ਦਾ ਤਾਪਮਾਨ, 2016 ਦੇ ਜਨਵਰੀ ਦੇ ਤਾਪਮਾਨ ਜੋ ਹੁਣ ਤੱਕ ਦਾ ਸਭ ਤੋਂ ਗਰਮ ਸਾਲ ਰਿਹਾ ਹੈ ਤੋਂ 0.02 ਡਿਗਰੀ ਸੈਲਸੀਅਸ ਜ਼ਿਆਦਾ ਰਿਹਾ ਹੈ। 2016 ਤੋਂ ਲਗਾਤਾਰ ਪਿਛਲੇ ਸਾਲਾਂ ਵਿਚ ਹੁਣ ਨਾਲੋਂ ਜਨਵਰੀ ਮਹੀਨੇ ਦਾ ਤਾਪਮਾਨ ਔਸਤ ਨਾਲੋਂ ਜ਼ਿਆਦਾ ਰਿਹਾ ਅਤੇ ਜਨਵਰੀ ਦੇ ਸਭ ਤੋਂ ਵੱਧ 10 ਗਰਮ ਮਹੀਨੇ ਵੀ 2002 ਤੋਂ ਹੁਣ ਤੱਕ ਇਸੇ ਸਦੀ ਵਿਚ ਆਂਕੇ ਗਏ ਹਨ।

ਨੋਆ ਦੀ ਰਿਪੋਰਟ ਅਨੁਸਾਰ ਜਨਵਰੀ ਦੇ ਔਸਤ ਤਾਪਮਾਨ ਵਿਚ ਉੱਤਰੀ ਅਰਧ ਗੋਲੇ ਵਿਚ ਇਹ ਵਾਧਾ 2.70 ਡਿਗਰੀ ਫ਼ਾਰਨਹੀਟ (1.50 ਡਿਗਰੀ ਸੈਲਸੀਅਸ) ਅਤੇ ਦੱਖਣੀ ਅਰਧ ਗੋਲੇ ਵਿਚ 1.40 ਡਿਗਰੀ ਫ਼ਾਰਨਹੀਟ (0.78 ਡਿਗਰੀ ਸੈਲਸੀਅਸ) ਰਿਕਾਰਡ ਕੀਤਾ ਗਿਆ ਹੈ। ਇਸ ਸਾਲ ਯੂਰਪ ਦੇ ਕਈ ਦੇਸਾਂ ਵਿਚ ਜਨਵਰੀ ਵਿਚ ਤਾਪਮਾਨ ਜਨਵਰੀ ਦੇ 1981-2010 ਤੱਕ ਦੇ ਔਸਤ ਤਾਪਮਾਨ ਤੋਂ 3 ਡਿਗਰੀ ਸੈਲਸੀਅਸ ਅਤੇ ਨਾਰਵੇ ਤੋਂ ਲੈ ਕੇ ਰੂਸ ਤੱਕ ਦੀ ਪੱਟੀ ਵਿਚ ਇਹ ਵਾਧਾ 6 ਡਿਗਰੀ ਸੈਲਸੀਅਸ ਤੱਕ ਵੀ ਆਂਕਿਆ ਗਿਆ ਹੈ। ਯੂਰਪ ਦੇ ਦੇਸ ਜਿਹੜੇ ਭਾਰੀ ਬਰਫ਼ਬਾਰੀ ਅਤੇ ਠੰਡੇ ਇਲਾਕਿਆਂ ਵਜੋਂ ਜਾਣੇ ਜਾਂਦੇ ਹਨ ਉੱਥੋਂ ਦੇ ਕਈ ਸ਼ਹਿਰਾਂ ਵਿਚ ਇਸ ਵਾਰ ਬਰਫ਼ ਪਈ ਹੀ ਨਹੀਂ ਜਿਵੇਂ ਨਾਰਵੇ ਦੀ ਰਾਜਧਾਨੀ ਓਸਲੋ ਵਿਚ ਆਮ ਤੌਰ ਵਿਚ ਇੰਨੀ ਬਰਫ਼ ਪੈਂਦੀ ਹੈ ਕਿ ਲੋਕ ਸਰਦੀਆਂ ਵਿਚ ਗਲੀਆਂ ਵਿਚ ਹੀ ਸਕੇਟਿੰਗ ਕਰਦੇ ਆਮ ਦੇਖੇ ਜਾਂਦੇ ਸਨ। ਇਸੇ ਤਰ੍ਹਾਂ ਅਮਰੀਕਾ ਦੇ ਪੂਰਬੀ ਤੱਟ ਉੱਤੇ ਵੱਸੇ ਬੋਸਟਨ ਨਾਮੀ ਸ਼ਹਿਰ ਵਿਚ ਫਰਵਰੀ ਦੇ ਤਾਪਮਾਨ 70 ਡਿਗਰੀ ਫਾਰਨਹੀਟ ਆਂਕਿਆ ਗਿਆ ਅਤੇ ਸਵੀਡਨ ਦੇ ਔਰੇਬਰੋ ਸ਼ਹਿਰ ਵਿਚ ਜਨਵਰੀ ਦਾ ਔਸਤ ਤਾਪਮਾਨ 50.5 ਡਿਗਰੀ ਫ਼ਾਰਨਹੀਟ ਰਿਕਾਰਡ ਕੀਤਾ ਗਿਆ ਜੋ 1858 ਤੋਂ ਲੈ ਕੇ ਹੁਣ ਤੱਕ ਸਭ ਤੋਂ ਜ਼ਿਆਦਾ ਹੈ। ਉੱਤਰੀ ਅਰਧਗੋਲੇ ਦੇ ਸਿਰਫ਼ ਦੋ ਥਾਵਾਂ ਅਲਾਸਕਾ ਅਤੇ ਪੱਛਮੀ ਕੈਨੇਡਾ ਵਿਚ ਤਾਪਮਾਨ ਔਸਤ ਤੋਂ 7.2 ਡਿਗਰੀ ਤਕ ਫਾਰਨਹੀਟ ਘੱਟ ਰਿਕਾਰਡ ਕੀਤਾ ਗਿਆ।

ਤਾਪਮਾਨ ਦੇ ਵਾਧੇ ਦਾ ਅਸਰ ਦੱਖਣੀ ਅਰਧ ਗੋਲੇ ਦੇ ਵਿਚ ਸਥਿਤ ਅਨਟਾਰਕਟਿਕ ਮਹਾਦੀਪ ਉੱਪਰ ਵੀ ਪਿਆ ਹੈ ਬਰਾਜ਼ੀਲ ਦੇ ਇਕ ਖੋਜਾਰਥੀ ਨੇ ਅਨਟਾਰਕਟਿਕ ਦੇ ਸਟੇਮਾਊਰ ਟਾਪੂ ਉੱਤੇ 9 ਫ਼ਰਵਰੀ ਨੂੰ 70 ਡਿਗਰੀ ਫ਼ਾਰਨਹੀਟ (20 ਡਿਗਰੀ ਸੈਲਸੀਅਸ) ਤਾਪਮਾਨ ਰਿਕਾਰਡ ਕੀਤਾ ਹੈ। ਅਨਟਾਰਕਟਿਕ ਧਰਤੀ ਦਾ ਉਹ ਖੇਤਰ ਜਿੱਥੇ ਦੂਰ ਦੂਰ ਤੱਕ ਬਰਫ਼ ਤੋਂ ਬਿਨਾਂ ਕੁਝ ਦਿਖਾਈ ਨਹੀਂ ਦਿੰਦਾ ਪਰ ਧਰਤੀ ਉੱਤਲੇ ਤਾਪਮਾਨ ਵਿਚ ਲਗਾਤਾਰ ਵਾਧੇ ਨਾਲ ਪਿੱਛਲੇ 30 ਸਾਲਾਂ (1981-2010) ਦੇ ਅਰਸੇ ਵਿਚ ਆਰਕਟਿਕ ਅਤੇ ਅਨਟਾਰਕਟਿਕ ਉੱਤਲੀ ਜੰਮੀ ਬਰਫ਼ ਔਸਤ ਤੋਂ ਕਰਮਵਾਰ 5.3 ਫ਼ੀਸਦ ਅਤੇ 9.8 ਫ਼ੀਸਦ ਘੱਟ ਹੋ ਗਈ ਹੈ। ਇਕ ਹੋਰ ਖੋਜ ਅਨੁਸਾਰ ਅਨਟਾਰਕਟਿਕ ਤੋਂ ਬਰਫ਼ ਪਿਘਲਣ ਦੀ ਰਫ਼ਤਾਰ 2019 ਦੌਰਾਨ 1979 ਨਾਲੋਂ 6 ਗੁਣਾ ਵਧ ਗਈ ਹੈ। ਇਸ ਤੋਂ ਇਲਾਵਾ ਗਰੀਨਪੀਸ ਸੰਸਥਾ ਦੇ ਇਕ ਸਰਵੇ ਅਨੁਸਾਰ ਅਨਟਾਰਕਟਿਕ ਖੇਤਰ ਵਿਚ ਪਿੱਛਲੇ 50 ਸਾਲਾਂ ਵਿਚ ਪੈਨਗੁਈਨ ਦੀਆਂ ਕਾਲੋਨੀਆਂ ਵਿਚ 70 ਫ਼ੀਸਦ ਕਮੀ ਆਈ ਹੈ। ਅਨਟਾਰਕਟਿਕ ਹੁਣ ਤੱਕ ਭਾਰੀ ਬਰਫ਼ਬਾਰੀ, ਬਰਫ਼ ਦੀ ਮੋਟੀ ਚਾਦਰ ਅਤੇ ਪੈਨਗੁਈਨ ਦੀ ਬਹੁਤਾਤ ਕਰਕੇ ਜਾਣਿਆ ਜਾਂਦਾ ਸੀ। ਗਰੀਨ ਹਾਊਸ ਗੈਸਾਂ ਦੀ ਬਹੁਤਾਤ ਨਾਲ ਵਾਤਾਵਰਨ ਵਿਚ ਨਿਕਾਸੀ ਨਾਲ ਤਾਪਮਾਨ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਕਾਰਬਨਡਾਇਆਕਸਾਈਡ ਗੈਸ ਦੀ ਉਦਯੋਗੀਕਰਨ ਦੇ ਸਮੇਂ ਤੋਂ ਪਹਿਲਾਂ ਵਾਤਾਵਰਨ ਵਿਚ ਮਾਤਰਾ ਸਿਰਫ਼ 280 ਪੀ.ਪੀ.ਐੱਮ (ਪਾਰਟਸ ਪ੍ਰਤਿ ਮਿਲੀਅਨ) ਸੀ ਜਿਹੜੀ 12 ਫਰਵਰੀ, 2020 ਤੱਕ ਵਧ ਕੇ 415 ਪੀ.ਪੀ.ਐੱਮ ਹੋ ਗਈ ਹੈ। ਇਹ ਗੈਸ ਤਾਪਮਾਨ ਨੂੰ ਵਧਾਉਣ ਵਿਚ ਅਹਿਮ ਭੂਮਿਕਾ ਅਦਾ ਕਰਦੀ ਹੈ। ਇਸ ਤੋਂ ਬਿਨਾਂ ਮਿਥੇਨ ਅਤੇ ਨਾਈਟਰਸ ਅਕਸਾਈਡ ਗੈਸਾਂ ਦੀ ਮਾਤਰਾ ਵਿਚ ਵੀ ਉਦਯੋਗੀਕਰਨ ਸਮੇਂ ਦੀ ਮਾਤਰਾ ਨਾਲੋਂ ਕ੍ਰਮਵਾਰ 257 ਫ਼ੀਸਦ ਅਤੇ 122 ਫ਼ੀਸਦ ਵਾਧਾ ਹੋ ਗਿਆ ਹੈ। ਇਸੇ ਤਰ੍ਹਾਂ ਹੋਰ ਗਰੀਨ ਹਾਊਸ ਗੈਸਾਂ ਵਿਚ ਵੀ ਕਾਫ਼ੀ ਵਾਧਾ ਆਂਕਿਆ ਗਿਆ ਹੈ। ਇਨ੍ਹਾਂ ਗੈਸਾਂ ਦੀ ਮਾਤਰਾ ਵਿਚ ਤੇਜ਼ੀ ਨਾਲ ਵਾਧਾ ਹੋਣ ਕਾਰਨ ਹਰ ਦਿਨ, ਹਰ ਮਹੀਨੇ, ਹਰ ਸਾਲ ਅਤੇ ਹਰ ਦਹਾਕੇ ਤਾਪਮਾਨ ਦੇ ਵਾਧੇ ਦੇ ਨਵੇਂ ਰਿਕਾਰਡ ਕਾਇਮ ਹੋ ਰਹੇ ਹਨ ਜੋਕਿ ਇਕ ਬਹੁਤ ਹੀ ਚਿੰਤਾ ਵਾਲੀ ਗੱਲ ਹੈ।

ਵਿਸ਼ਵ ਮੌਸਮ ਸੰਸਥਾ ਅਨੁਸਾਰ 2015 ਤੋਂ 2019 ਤੱਕ ਦੇ ਪੰਜ ਸਾਲ ਹੁਣ ਤੱਕ ਦੇ ਸਭ ਤੋਂ ਗਰਮ ਸਾਲ ਰਹੇ ਹਨ ਅਤੇ 2010-2019 ਤੱਕ ਦਾ ਦਹਾਕਾ ਹੁਣ ਤੱਕ ਦਾ ਸਭ ਤੋਂ ਗਰਮ ਦਹਾਕਾ ਰਿਹਾ ਹੈ। 1980 ਤੋਂ ਬਾਅਦ ਦਾ ਹਰ ਦਹਾਕਾ ਪਹਿਲੇ ਦਹਾਕੇ ਨਾਲੋਂ ਜ਼ਿਆਦਾ ਗਰਮ ਦਹਾਕਾ ਰਿਹਾ ਹੈ। 2019 ਦਾ ਸਾਲ, 2016 ਤੋਂ ਬਾਅਦ ਹੁਣ ਤੱਕ ਦੂਜਾ ਗਰਮ ਸਾਲ ਰਿਹਾ ਹੈ ਅਤੇ 2019 ਦਾ ਜੁਲਾਈ ਦਾ ਮਹੀਨਾ ਦੁਨੀਆ ਦਾ ਹੁਣ ਤੱਕ ਦਾ ਸਭ ਤੋਂ ਗਰਮ ਮਹੀਨਾ ਰਿਹਾ ਹੈ। ਇਸ ਮਹੀਨੇ ਵਿਚ ਤਾਪਮਾਨ ਦੇ ਪੁਰਾਣੇ ਰਿਕਾਰਡ ਟੁੱਟ ਗਏ ਸਨ। 2019 ਦਾ ਔਸਤ ਤਾਪਮਾਨ, 2016 ਦੇ ਔਸਤ ਤਾਪਮਾਨ ਨਾਲੋਂ ਸਿਰਫ਼ 0.04 ਡਿਗਰੀ ਸੈਲਸੀਅਸ ਹੀ ਘੱਟ ਹੈ। 2016 ਦੇ ਤਾਪਮਾਨ ਵਿਚ ਜਿਆਦਾ ਵਾਧਾ ਹੋਣ ਦਾ ਮੁੱਖ ਕਾਰਨ ਐਲਨੀਨੋ ਦੀ ਪ੍ਰਕਿਰਿਆ ਸੀ ਜਿਸ ਨਾਲ ਪ੍ਰਸ਼ਾਤਮਹਾਂਸਾਗਰ ਦੇ ਪਾਣੀ ਦਾ ਤਾਪਮਾਨ ਵਧ ਜਾਂਦਾ ਹੈ ਜੋ ਅੱਗੇ ਸਾਰੇ ਵਾਤਾਵਰਨ ਉੱਤੇ ਪ੍ਰਭਾਵ ਪਾਉਂਦਾ ਹੈ। ਭਾਰਤ ਵਿਚ ਵੀ 2020 ਦੀ ਜਨਵਰੀ ਵਿਚ ਤਾਪਮਾਨ ਔਸਤ ਤਾਪਮਾਨ ਨਾਲੋਂ 1.02 ਡਿਗਰੀ ਸੈਲਸੀਅਸ ਜ਼ਿਆਦਾ ਰਿਹਾ ਹੈ। ਜਨਵਰੀ ਦਾ ਔਸਤ ਤਾਪਮਾਨ 25.3 ਡਿਗਰੀ ਸੈਲਸੀਅਸ ਹੁੰਦਾ ਹੈ, ਪਰ ਇਸ ਵਾਰ ਇਹ 26.32 ਡਿਗਰੀ ਆਂਕਿਆ ਗਿਆ ਹੈ। ਰਾਤ ਦੇ ਤਾਪਮਾਨ ਵਿਚ ਔਸਤ ਤਾਪਮਾਨ (20.59 ਡਿਗਰੀ ਸੈਲਸੀਅਸ) ਨਾਲੋਂ 1.33 ਡਿਗਰੀ ਸੈਲਸੀਅਸ ਵਾਧਾ ਰਿਕਾਰਡ ਕੀਤਾ ਗਿਆ ਜਦਕਿ ਦਿਨ ਦੇ ਤਾਪਮਾਨ ਵਿਚ ਇਹ ਵਾਧਾ .72 ਡਿਗਰੀ ਸੈਲਸੀਅਸ ਆਂਕਿਆ ਗਿਆ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਭਾਰਤ ਦੇ ਉੱਤਰੀ ਰਾਜਾਂ ਨੇ 2020 ਵਿਚ ਬਹੁਤ ਹੀ ਠੰਡੀ ਜਨਵਰੀ ਦੀ ਮਾਰ ਝੱਲੀ ਹੈ। ਤਾਪਮਾਨ ਦੇ ਜ਼ਿਆਦਾ ਘੱਟ ਹੋਣ ਕਾਰਨ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ ਅਤੇ ਉਤਰਾਖੰਡ ਵਿਚ ਬਹੁਤ ਜ਼ਿਆਦਾ ਬਰਫ਼ਬਾਰੀ ਹੋਈ ਜਦਕਿ ਦਿੱਲੀ, ਪੰਜਾਬ ਅਤੇ ਰਾਜਸਥਾਨ ਦਾ ਤਾਪਮਾਨ ਔਸਤ ਨਾਲੋਂ ਘੱਟ ਰਿਕਾਰਡ ਕੀਤਾ ਗਿਆ ਹੈ, ਪਰ ਦੇਸ ਦੇ ਬਾਕੀ ਸਾਰੇ ਰਾਜਾਂ ਅਤੇ ਕੇਂਦਰੀਸ਼ਾਸਤ ਰਾਜਾਂ ਵਿਚ ਜਨਵਰੀ ਦਾ ਤਾਪਮਾਨ ਔਸਤ ਨਾਲੋਂ ਵੱਧ ਹੀ ਰਿਹਾ ਹੈ।

ਪਿੱਛਲੇ ਕਈ ਕਹਾਕਿਆਂ ਤੋਂ ਧਰਤੀ ਉੱਤੇ ਤਾਪਮਾਨ ਲਗਾਤਾਰ ਵਧ ਰਿਹਾ ਹੈ ਜਿਸ ਨਾਲ ਮੌਸਮ ਵਿਚ ਅਣਕਿਆਸੀਆਂ ਤਬਦੀਲੀਆਂ ਆ ਰਹੀਆਂ ਹਨ। ਪਿਛਲੇ ਸਾਲ (2019) ਦੌਰਾਨ ਤਾਪਮਾਨ ਦੇ ਵਾਧੇ ਕਾਰਨ ਦੁਨੀਆ ਦੇ ਦੇਸਾਂ ਨੇ ਵੱਖੋ-ਵੱਖਰੀ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਦੀ ਮਾਰ ਝੱਲੀ ਹੈ ਜਿਵੇਂ ਅਮਰੀਕਾ ਅਤੇ ਭਾਰਤ ਵਿਚ ਰਿਕਾਰਡਤੋੜ ਮੀਂਹ ਪੈਣ ਕਾਰਨ ਹੜ੍ਹਾਂ ਦੀ ਮਾਰ, ਜਾਪਾਨ, ਜ਼ਿਬਾਬੇ, ਮਲਾਵੀ, ਮੰਜ਼ਬੀਕ, ਕਰੇਬੀਅਨ ਅਤੇ ਵਰਜੀਨ ਟਾਪੂਆਂ ਨੇ ਚੱਕਰਵਾਤਾਂ ਦੀ ਮਾਰ ਝੱਲੀ। ਆਸਟਰੇਲੀਆ, ਅਲਾਸਕਾ ਅਤੇ ਆਰਕਟਿਕ ਜੰਗਲੀ ਅੱਗ ਦੀ ਲਪੇਟ ਵਿਚ ਆਏ ਰਹੇ ਹਨ। ਇਸ ਤਰ੍ਹਾਂ ਕੁਦਰਤੀ ਆਫ਼ਤਾਂ ਵਿਚ ਲਗਾਤਾਰ ਹੋ ਰਹੇ ਵਾਧੇ ਨੂੰ ਦੇਖਦੇ ਹੋਏ 5 ਨਵੰਬਰ, 2019 ਨੂੰ 153 ਦੇਸਾਂ ਦੇ 11 ਹਜ਼ਾਰ ਤੋਂ ਵੱਧ ਵਿਗਿਆਨੀਆਂ ਨੇ ਆਲਮੀ ਪੱਧਰ ਉੱਤੇ ਮੌਸਮੀ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਸੀ। ਵਿਗਿਆਨੀਆਂ ਨੇ ਇਹ ਐਲਾਨ ਪਿਛਲੇ 20 ਸਾਲਾਂ ਵਿਚ ਜਨਤਕ ਕੀਤੇ ਅੰਕੜਿਆਂ ਦੇ ਅਧਿਐਨ ਦੇ ਆਧਾਰ ਉੱਤੇ ਕੀਤਾ ਸੀ।

ਇਨ੍ਹਾਂ ਵਿਗਿਆਨੀਆਂ ਨੇ ਵੱਖ ਵੱਖ ਤਰ੍ਹਾਂ ਦੀਆਂ ਮਨੁੱਖੀ ਗਤੀਵਿਧੀਆਂ ਨੂੰ ਹੀ ਆਲਮੀ ਪੱਧਰ ਉੱਤੇ ਹੋ ਰਹੀਆਂ ਮੌਸਮੀ ਤਬਦੀਲੀਆਂ ਲਈ ਜ਼ਿੰਮੇਵਾਰ ਠਹਿਰਾਇਆ ਹੈ ਜਿਨ੍ਹਾਂ ਵਿਚ ਮੁੱਖ ਤੌਰ ਉੱਤੇ ਮਨੁੱਖ ਦੀ ਆਧੁਨਿਕ ਤਕਨੀਕਾਂ ਅਤੇ ਸਹੂਲਤਾਂ ਨਾਲ ਭਰਪੂਰ ਜੀਵਨ-ਸ਼ੈਲੀ, ਆਵਾਜਾਈ ਦੇ ਸਾਧਨ, ਆਰਥਿਕ ਵਿਕਾਸ ਦੇ ਉੱਤੇ ਕੁਦਰਤੀ ਸਰੋਤਾਂ ਦਾ ਅੰਧਾਧੁੰਦ ਉਜਾੜਾ, ਧਰਤੀ ਦੀ ਵਰਤੋਂ ਵਿਚ ਗ਼ੈਰ-ਕੁਦਰਤੀ ਬਦਲਾਅ ਆਦਿ ਸ਼ਾਮਲ ਹਨ। ਮਨੁੱਖਾਂ ਨੇ ਹੁਣ ਤੱਕ ਧਰਤੀ ਦੇ ਲਗਭਗ 75 ਫ਼ੀਸਦ ਕੁਦਰਤੀ ਖੇਤਰ ਨੂੰ ਬਦਲ ਦਿੱਤਾ ਹੈ ਜਿਸ ਨਾਲ ਕਈ ਤਰ੍ਹਾਂ ਦੇ ਪਰਿਵਾਰਨਿਕ ਪ੍ਰਬੰਧਾਂ ਦਾ ਕੁਦਰਤੀ ਸੰਤੁਲਨ ਗੜਬੜਾ ਗਿਆ ਹੈ। ਇਸ ਦੇ ਨਾਲ ਨਾਲ ਲਗਭਗ ਇਕ-ਚੌਥਾਈ ਧਰਤੀ ਉੱਤੇ ਵਿਚਰਨ ਵਾਲੇ ਜੀਵ-ਜੰਤੂ ਅਤੇ ਬਨਸਪਤੀ ਵੀ ਮਨੁੱਖੀ ਗਤੀਵਿਧੀਆਂ ਕਰਨ ਖ਼ਤਰੇ ਵਿਚ ਪਏ ਹੋਏ ਹਨ।

ਵਿਗਿਆਨੀਆਂ ਨੇ ਫਿਊਚਰ ਆਫ਼ ਦਿ ਅਰਥ, 2020 ਵਾਲੀ ਰਿਪੋਰਟ ਵਿਚ ਖ਼ਾਸ ਤੌਰ ਉੱਤੇ ਖੁਲਾਸਾ ਕੀਤਾ ਹੈ ਕਿ ਜੇਕਰ ਕਾਰਬਨ ਦੀ ਲਗਾਤਾਰ ਹੋ ਰਹੀ ਨਿਕਾਸੀ ਤੇਜ਼ੀ ਨਾਲ ਨਾ ਘਟਾਈ ਗਈ ਤਾਂ ਆਉਣ ਵਾਲੇ ਸਮੇਂ ਵਿਚ ਮਨੁੱਖ ਵਧਦੀਆਂ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨ ਤੋਂ ਅਸਮੱਰਥ ਹੋ ਸਕਦੇ ਹਨ ਅਤੇ ਇਸ ਦੇ ਨਾਲ ਨਾਲ ਉਹ ਖਾਧ ਪਦਾਰਥਾਂ ਦਾ ਅਤੇ ਪਾਣੀ ਦੀ ਘਾਟ ਵਰਗੇ ਸੰਕਟਾਂ ਦੀ ਲਪੇਟ ਵਿਚ ਆ ਸਕਦੇ ਹਨ। ਇਸ ਲਈ ਹੁਣ ਦੁਨੀਆ ਦੇ ਸਾਰੇ ਦੇਸਾਂ, ਖ਼ਾਸ ਕਰਕੇ ਚੀਨ, ਅਮਰੀਕਾ, ਰੂਸ, ਭਾਰਤ, ਜਾਪਾਨ ਅਤੇ ਯੂਰਪੀਅਨ ਯੂਨੀਅਨ ਦੇ ਦੇਸਾ, ਜਿਨ੍ਹਾਂ ਨੇ ਵਾਤਾਵਰਨ ਵਿਚ ਬਾਕੀ ਸਾਰੇ ਦੇਸਾਂ ਨਾਲੋਂ ਜ਼ਿਆਦਾ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਕੀਤੀ ਹੈ ਤੇਜੀ ਨਾਲ ਇਨ੍ਹਾਂ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਕਿਉਂਕਿ ਹੁਣ ਸਾਡੇ ਕੋਲ ਉਡੀਕਣ ਦਾ ਸਮਾਂ ਨਹੀਂ ਬਚਿਆ ਹੈ। ਮੌਸਮੀ ਤਬਦੀਲੀਆਂ ਦੀ ਮਾਰ ਦਿਨਬਦਿਨ ਵਧਦੀ ਜਾ ਰਹੀ ਹੈ।

ਵਿਗਿਆਨੀਆਂ ਦੀਆਂ ਖੋਜਾਂ ਉੱਤੇ ਅਧਾਰਿਤ ਮੌਸਮੀ ਤਬਦੀਲੀਆਂ ਸੰਬੰਧੀ ਚੇਤਾਵਨੀਆਂ ਨੂੰ ਨਜ਼ਰਅੰਦਾਜ਼ ਕਰਨ ਦੀ ਥਾਂ ਉਨ੍ਹਾਂ ਉੱਤੇ ਸੰਜ਼ੀਦਗੀ ਨਾਲ ਵਿਚਾਰ ਕਰਕੇ ਠੋਸ ਵਿਉਂਤਬੰਦੀ ਨਾਲ ਮੌਸਮੀ ਬਦਲਾਅ ਦੇ ਮੌਜੂਦਾ ਰੁਝਾਨਾਂ ਉੱਤੇ ਕਾਬੂ ਪਾਉਣ ਲਈ ਸਾਰੇ ਦੇਸਾਂ ਨੂੰ ਢੁਕਵੀਆਂ ਕਾਰਵਾਈਆਂ ਕਰਨੀਆਂ ਚਾਹੀਦੀਆਂ ਹਨ। ਵਿਗਿਆਨੀਆਂ ਨੇ ਖੋਜਾਂ ਦੇ ਆਧਾਰ ਉੱਤੇ ਇਹ ਹੀ ਕਿਹਾ ਹੈ ਕਿ ਹੁਣ ਸਾਨੂੰ ਦੇਰੀ ਕੀਤੇ ਬਿਨਾਂ ਕਾਰਬਨ ਨਿਕਾਸੀ ਨੂੰ ਹਰ ਸਾਲ 7.6 ਫ਼ੀਸਦ ਦੀ ਦਰ ਨਾਲ ਘਟਾਉਣਾ ਚਾਹੀਦਾ ਹੈ ਤਾਂ ਕਿ ਕਾਰਬਨ ਨਿਕਾਸੀ ਦੀ ਮਾਤਰਾ 2050 ਤੱਕ ਜੀਰੋ ਹੋ ਜਾਵੇ।

ਇਸ ਲਈ ਸਾਰੇ ਦੇਸਾਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਆਰਥਿਕ ਵਿਕਾਸ ਦੀਆਂ ਗਿਣਤੀਆਂ-ਮਿਣਤੀਆਂ ਨੂੰ ਛੱਡ ਕੇ ਵਰਤਮਾਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਸਿਹਤਮੰਦ ਵਾਤਾਵਰਨ ਬਣਾਉਣ ਲਈ ਕੁਦਰਤ-ਪੱਖੀ ਵਿਕਾਸ ਮਾਡਲ ਅਪਣਾਉਣ ਤਾਂਕਿ ਮੌਸਮੀ ਤਬਦੀਲੀਆਂ ਦੇ ਕਹਿਰ ਤੋਂ ਬਚਾ ਹੋ ਸਕੇ।

# ਬੇਗ਼ਮਪੁਰੇ ਦੇ ਸੁਪਨਸਾਜ਼ ਤੇ ਕ੍ਰਾਂਤੀਕਾਰੀ ਰਹਿਬਰ ਸ਼੍ਰੀ ਗੁਰੂ ਰਵਿਦਾਸ ਜੀ

ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਸੀਰ ਗੋਵਰਧਨਪੁਰ, ਵਾਰਾਨਸੀ (ਉੱਤਰ ਪ੍ਰਦੇਸ਼) ਵਿਖੇ ਸੰਨ 1377 ਈਸਵੀ ਨੂੰ ਮਾਘ ਮਹੀਨੇ ਦੀ ਪੂਰਨਮਾਸ਼ੀ ਨੂੰ ਪਿਤਾ ਸ਼੍ਰੀ ਸੰਤੋਖ ਦਾਸ ਜੀ ਅਤੇ ਮਾਤਾ ਸ਼੍ਰੀਮਤੀ ਕਲਸਾ ਦੇਵੀ ਜੀ ਦੇ ਘਰ ਐਤਵਾਰ ਵਾਲ਼ੇ ਦਿਨ ਹੋਇਆ। ਇਸ ਲਈ ਆਪ ਜੀ ਦਾ ਨਾਮ ਰਵਿਦਾਸ ਰੱਖਿਆ ਗਿਆ। ਸ਼੍ਰੀ ਗੁਰੂ ਰਵਿਦਾਸ ਜੀ ਮੱਧਕਾਲੀਨ ਭਾਰਤ ਦੇ ਉਹਨਾਂ 15 ਮਹਾਂਪੁਰਸ਼ਾਂ ਵਿੱਚੋਂ ਇੱਕ ਹਨ, ਜਿਨ੍ਹਾਂ ਦੀ ਪਾਵਨ ਬਾਣੀ ਦੇ 40 ਸ਼ਬਦ (16 ਰਾਗ) ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤਾਂ ਦੀ ਬਾਣੀ ਸਿਰਲੇਖ ਹੇਠ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਆਪਣੇ ਤੁਲ ਸਨਮਾਨ ਦਿੱਤਾ।

ਆਪ ਜੀ ਆਪਣੀ ਜਾਤੀ ਅਤੇ ਵਡੇਰਿਆਂ ਦੇ ਵਰਣ ਵੰਡ ਕਾਰਨ ਕੀਤੇ ਜਾਂਦੇ ਕੰਮ ਬਾਰੇ ਫਰਮਾਉਂਦੇ ਹਨ:-

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ,
ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ,
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥3॥1॥ਮਲਾਰ॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 1293)

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 486)

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 858)

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 1293)



-ਸੰਤੋਖ ਸਿੰਘ ਜੱਸੀ
91-70876-19800

ਆਪ ਜੀ ਨੇ ਜੋੜ੍ਹੇ ਗੰਢਣ ਦਾ ਪਿਤਾ ਪੁਰਖੀ ਕਿੱਤਾ ਅਪਣਾਇਆ ਤੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਕਿੱਤਾ ਕੋਈ ਵੀ ਵੱਡਾ-ਛੋਟਾ ਨਹੀਂ ਹੁੰਦਾ।

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 346)

ਸੰਪਤਿ ਬਿਪਤਿ ਪਟਲ ਮਾਇਆ ਧਨੁ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 486-487)

ਉਸ ਸਮੇਂ ਗੁਰੂ ਰਵਿਦਾਸ ਜੀ ਦੇ ਸਮਾਜ ਨੂੰ ਵਰਣ-ਵੰਡ ਅਤੇ ਜ਼ਾਤ-ਪਾਤ ਦੀ ਵੰਡੀ ਕਾਰਨ ਅਖੌਤੀ ਉੱਚ ਜਾਤੀਆਂ ਵਲੋਂ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਪੱਖੋਂ ਨਕਾਰਿਆ ਹੋਇਆ ਸੀ। ਵਿਦੇਸ਼ੀ ਹਕੂਮਤ ਅਤੇ ਪੁਜਾਰੀਆਂ ਦੀ ਨਫ਼ਰਤ ਦੇ ਡਰ ਕਾਰਨ ਉਹਨਾਂ ਦਾ ਸਮਾਜ ਸ਼ਕਤੀਹੀਣ ਅਤੇ ਜ਼ੁਲਮ ਸਹਿਣ ਦਾ ਆਦੀ ਹੋ ਚੁੱਕਾ ਸੀ। ਗੁਰੂ ਜੀ ਨੇ ਆਪਣੇ ਸਮਾਜ ਨੂੰ ਉੱਪਰ ਚੁੱਕਣ ਵਾਸਤੇ ਬੇਗ਼ਮਪੁਰੇ ਦੀ ਕਲਪਨਾ ਕੀਤੀ ਤੇ ਬਾਣੀ ਉਚਾਰੀ:-

ਬੇਗ਼ਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥1॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥2॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥3॥2॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 345)

ਗੁਰੂ ਰਵਿਦਾਸ ਜੀ ਨੇ ਬੇਗ਼ਮਪੁਰ ਦੇ ਸੰਕਲਪ ਨੂੰ ਪੂਰਾ ਕਰਨ ਲਈ ਕਿਸੇ ਭੜਕਾਹਟ ਜਾਂ ਉਤੇਜ਼ਨਾ ਦਾ ਪ੍ਰਗਟਾਵਾ ਨਹੀਂ ਕੀਤਾ ਸਗੋਂ ਸਹਿਜ ਸੁਭਾਅ ਸੰਤੁਲਨ ਮਨ ਨਾਲ ਆਪਣੀ ਪ੍ਰੇਮਮਈ ਸੁਰ ਵਾਲ਼ੀ ਜੁਗਤਿ ਨੂੰ ਨਿਰੰਤਰ ਜਾਰੀ ਰੱਖਿਆ। ਤਤਕਾਲ ਪ੍ਰਸ਼ਾਸਨ ਪ੍ਰਣਾਲ਼ੀ ਦਾ ਪਾਜ ਉਘਾੜਿਆ ਤੇ ਆਪ ਜੀ ਨੇ ਫ਼ਰਮਾਨ ਕੀਤਾ ਕਿ:-

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤਰੁ ਧਰੈ॥1॥ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥1॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥2॥1॥ਮਾਰੂ॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 1106)

ਸਤਿਗੁਰੂ ਕਬੀਰ ਜੀ ਆਪ ਜੀ ਦੇ ਸਮਕਾਲੀ ਸਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ (1377) 'ਤੇ ਸਤਿਗੁਰੂ ਕਬੀਰ ਜੀ ਦਾ ਸ ਲ ਕ ਦਰਜ ਹੈ:-

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥242॥

ਸ਼੍ਰੀ ਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਦਾਸਾਂ ਦਾ ਦਾਸ ਕਹਿੰਦੇ ਹਨ ਭਾਵ ਨਿਮਰਤਾ ਵਾਲ਼ੇ ਹਨ। ਉਸ ਸਮੇਂ ਦਾ ਸੰਸਾਰ ਭਗਤ ਕਹਿ ਕੇ ਸਤਿਕਾਰ ਕਰਨ ਲੱਗਾ। ਸਮੇਂ ਦੇ ਹਾਕਮ ਅਤੇ ਪੁਜਾਰੀ ਵਰਗ ਵੀ ਆਪ ਜੀ ਦੀ ਕੀਰਤੀ ਨੂੰ ਨਮਸਕਾਰ ਕਰਨ ਲੱਗੇ। ਸਮਾਜ ਵਿੱਚ ਚੇਤਨਤਾ ਆਉਣ ਲੱਗੀ। ਆਪ ਜੀ ਨੇ ਫ਼ਰਮਾਇਆ-

ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰ ਨ ਕੋਇ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ॥3॥2॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 858)

ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭੰਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥1॥ (ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 858)

ਸ਼੍ਰੀ ਗੁਰੂ ਰਵਿਦਾਸ ਜੀ ਨੇ ਨਸ਼ਿਆਂ ਦੇ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਸ਼ਰਾਬ ਭਾਵੇਂ ਗੰਗਾ ਜਲ ਦੀ ਹੀ ਕਿਉਂ ਨਾ ਬਣੀ ਹੋਵੇ, ਉਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਆਪ ਜੀ ਫ਼ਰਮਾਉਂਦੇ ਹਨ:-

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥1॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 1293)

ਸ਼੍ਰੀ ਗੁਰੂ ਅਰਜਨ ਦੇਵ ਜੀ ਆਪ ਜੀ ਦੀ ਉਸਤਤਿ ਕਰਦੇ ਆਪਣੀ ਬਾਣੀ ਵਿੱਚ ਫ਼ਰਮਾਉਂਦੇ ਹਨ:-

ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ॥
ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ॥1॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 1207)

ਸ਼੍ਰੀ ਗੁਰੂ ਰਾਮਦਾਸ ਜੀ ਆਪਣੀ ਬਾਣੀ ਵਿੱਚ ਫ਼ਰਮਾਉਂਦੇ ਹਨ:-

ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥2॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 733)

ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜ-ਾਤਿ ਰਵਿਦਾਸੁ ਚਮਿਆਰੁ ਚਮਈਆ॥
ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ॥7॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 835)

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਵੱਈਏ ਮਹਲਾ ਪਹਿਲਾ ਅਧੀਨ ਅੰਗ 1390 'ਤੇ ਆਪ ਜੀ ਉਸਤਤਿ ਸ਼ਬਦ ਦਰਜ਼ ਹੈ:-

ਗੁਣ ਗਾਵੈ ਰਵਿਦਾਸ ਭਗਤੁ ਜੈਦੇਵ ਤ੍ਰਿਲੋਚਨ॥
ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ॥

ਸੋ ਜਿਸ ਤਰ੍ਹਾਂ ਘਿਓ ਜਿਸ ਭਾਂਡੇ ਵਿੱਚ ਮਰਜ਼ੀ ਪਾ ਦਿਓ ਉਹ ਘਿਓ ਹੀ ਰਹਿੰਦਾ ਹੈ, ਠੀਕ ਉਸੇ ਤਰ੍ਹਾਂ ਹੀ ਸੰਤਾਂ, ਗੁਰੂਆਂ, ਮਹਾਂਪੁਰਸ਼ਾਂ ਦੀ ਕੋਈ ਜਾਤ ਨਹੀਂ ਹੁੰਦੀ। ਉਹ ਆਪਣਾ ਜੀਵਨ ਲੋਕਾਈ ਦੇ ਭਲੇ ਲਈ ਬਤੀਤ ਕਰਦੇ ਹਨ। ਠੰਡੇ ਜਿਗਰੇ ਨਾਲ਼ ਸਮਾਜਿਕ, ਧਾਰਮਿਕ, ਆਰਥਿਤ ਅਤੇ ਰਾਜਨੀਤਿਕ ਤਸ਼ੱਦਦ ਆਪਣੇ-ਆਪਣੇ ਪਿੰਡੇ 'ਤੇ ਸਹਾਰਦੇ ਹਨ ਤੇ ਸਮਾਜ ਨੂੰ ਸੇਧ ਦਿੰਦੇ ਹਨ ਅਤੇ ਗੁਰੂ ਦੀ ਪਦਵੀ ਪ੍ਰਾਪਤ ਕਰਦੇ ਹਨ।



ਸ਼੍ਰੀ ਗੁਰੂ ਰਵਿਦਾਸ ਜੀ ਫ਼ਰਮਾਉਂਦੇ ਹਨ:-

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ॥
ਛੋਟ ਬੜੇ ਸਭ ਸਮ ਬਸੈ ਰਵਿਦਾਸ ਰਹੈ ਪ੍ਰਸੰਨ॥

ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਵਲੋਂ ਗੁਰੂ ਰਵਿਦਾਸ (ਸੰਤਾਂ ਦਾ ਸਨਮਾਨ)

ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਨੇ ਦਲਿਤਾਂ ਦੇ ਦੁੱਖਾਂ ਦੀ ਖੋਜ਼ ਕੀਤੀ ਉਨ੍ਹਾਂ ਆਪਣੀ ਖੋਜ਼ ਭਰਪੂਰ ਪੁਸਤਕ "ਦਾ ਅਨਟਚੇਬਲ" ਸੰਤਾਂ ਨੂੰ ਭੇਂਟ ਕਰਕੇ ਸੰਤਾਂ ਦਾ ਸਨਮਾਨ ਕੀਤਾ। ਉਨ੍ਹਾਂ ਕਿਹਾ ਕਿ ਮੈਂ ਇਹ ਪੁਸਤਕ ਤਿੰਨ ਪ੍ਰਸਿੱਧ ਸੰਤਾਂ ਨੰਦਨਾਰ, ਰਵਿਦਾਸ ਅਤੇ ਚੋਖਾਮੇਲਾ ਨੂੰ ਭੇਂਟ ਕਰਦਾ ਹਾਂ ਜੋ ਅਛੂਤਾਂ ਵਿੱਚ ਪੈਦਾ ਹੋਏ ਅਤੇ ਆਪਣੀ ਪਵਿੱਤਰਤਾ, ਨੇਕੀ ਅਤੇ ਸਦਾਚਾਰ ਸਦਕਾ ਸਭਨਾਂ ਲਈ ਸਤਿਕਾਰਯੋਗ ਬਣੇ।

ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਆਰ. ਕੇ. ਨਰਾਇਣਨ ਜੀ ਨੇ 28ਅਗਸਤ, 1999 ਈਸਵੀ ਨੂੰ ਰਾਸ਼ਟਰਪਤੀ ਭਵਨ 'ਚ ਸ਼੍ਰੀ ਗੁਰੂ ਰਵਿਦਾਸ ਜੀ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ:-

Satgur Ravidass was a great social reformer of medieval era, who preached for spiritual unity, Equality and fraternity. His teachings are of more relevance even today.

(ਸਤਿਗੁਰੂ ਰਵਿਦਾਸ ਜੀ ਮੱਧਕਾਲੀਨ ਯੁੱਗ ਦੇ ਇੱਕ ਮਹਾਨ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਅਧਿਆਤਮਿਕ ਏਕਤਾ, ਸਮਾਨਤਾ ਅਤੇ ਭਾਈਚਾਰੇ ਲਈ ਪ੍ਰਚਾਰ ਕੀਤਾ। ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਬਹੁਤ ਪ੍ਰਸੰਗਿਕ ਹਨ।)

ਸ਼੍ਰੀ ਗੁਰੂ ਰਵਿਦਾਸ ਜੀ ਨੇ ਇਸਤਰੀ ਵਰਗ ਦੇ ਸਨਮਾਨ, ਅਧਿਕਾਰਾਂ ਦੀ ਸੁਰੱਖਿਆ ਲਈ ਅਧਿਆਤਮਿਕਤਾ ਦੇ ਬੰਦ ਦਰਵਾਜ਼ੇ ਖੋਲ੍ਹੇ। ਆਪ ਜੀ ਨੇ ਚਿਤੌੜ੍ਹਗੜ੍ਹ ਦੀ ਮਹਾਂਰਾਣੀ ਝਾਲੀ ਬਾਈ, ਰਤਨ ਕੁੰਵਰ ਅਤੇ ਉਸ ਦੀ ਨੂੰਹ ਭਾਰਤ ਦੀ ਪ੍ਰਸਿੱਧ ਸੰਤ ਮੀਰਾ ਬਾਈ ਨੂੰ ਦੀਕਸ਼ਾ ਦੇ ਕੇ ਇਸਤਰੀ ਦੇ ਮਾਣ-ਸਨਮਾਨ ਅਤੇ ਸਤਿਕਾਰ ਵਿੱਚ ਵਾਧਾ ਕੀਤਾ।

ਅੱਜ ਗੁਰੂ ਰਵਿਦਾਸ ਜੀ ਦੀ ਜਦੋਂ ਜੀਵਨ, ਵਿਚਾਰਧਾਰਾ, ਫ਼ਲਸਫ਼ਾ ਆਮ ਲੋਕਾਈ ਤੱਕ ਪਹੁੰਚਦਾ ਹੈ ਤਾਂ ਉਨ੍ਹਾਂ ਦੇ ਅਨੁਆਈ ਪੈਰੋਕਾਰ ਉਨ੍ਹਾਂ ਨੂੰ ਕੌਮ ਦੇ ਗੁਰੂ ਮੰਨਦੇ ਹਨ। ਗੁਰੂ ਰਵਿਦਾਸ ਜੀ ਅਜਿਹੇ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਨੇ ਆਪਣੇ ਗਿਲ਼ੇ ਸ਼ਿਕਵੇ ਪ੍ਰਮਾਤਮਾ ਨਾਲ਼ ਵੀ ਕੀਤੇ। ਗੁਰੂ ਰਵਿਦਾਸ ਜੀ ਨੇ ਆਪਸੀ ਭਾਈਚਾਰਾ ਬਣਾਈ ਰੱਖਣ, ਅਵਿੱਦਿਆ, ਅਗਿਆਨਤਾ ਤੋਂ ਮੁਕਤ ਪਾਉਣ ਲਈ ਵਿਵੇਕ ਰੂਪੀ ਦੀਪ ਦੀ ਮਲੀਨਤਾ ਨੂੰ ਵਿੱਦਿਆ ਦੇ ਨੂਰ ਨਾਲ ਪ੍ਰਜ਼ਵਲਿਤ ਕਰਨ, ਨਸ਼ਿਆਂ ਦੇ ਸੇਵਨ ਤੋਂ ਪ੍ਰਹੇਜ਼ ਕਰਨ, ਰਹਿਣੀ-ਬਹਿਣੀ ਅਤੇ ਦੂਸਰਿਆਂ ਪ੍ਰਤੀ ਹਮਦਰਦੀ ਅਰਥਾਤ ਪਰਾਇਆ ਦਰਦ ਵੰਡਾਉਣ ਦੀ ਪ੍ਰੇਰਨਾ ਦਿੱਤੀ।

ਸੋ ਕਤ ਜਾਨੈ ਪੀਰ ਪਰਾਈ॥
ਜਾ ਕੇ ਅੰਤਰਿ ਦਰਦ ਨਾ ਪਾਈ॥

ਸੱਚ ਨਾ ਹੁੰਦਾ ਤਾਂ ਸੰਸਾਰ ਜਲ਼ ਉੱਠਦਾ। ਸਮਾਜ ਦੇ ਉਜਵਲ ਭਵਿੱਖ ਲਈ ਸਿੱਖਿਆ, ਸਗੰਠਿਤ ਅਤੇ ਆਪਣੇ ਮਨੁੱਖੀ ਹੱਕਾਂ ਲਈ ਸੰਘਰਸ਼ ਦਾ ਸੰਕਲਪ ਲੈਣ ਦੀ ਲੋੜ੍ਹ ਹੈ। ਗੁਰੂ ਸਾਹਿਬ ਨੇ ਜਾਤੀਵਾਦ ਤੇ ਊਚ-ਨੀਚ ਖਿਲਾਫ਼ ਪ੍ਰਚਾਰ ਕੀਤਾ। ਗੁਰੂ ਰਵਿਦਾਸ, ਗੁਰੂ ਕਬੀਰ, ਗੁਰੂ ਨਾਨਕ ਇੱਕ-ਦੂਜੇ ਦੇ ਸਮਕਾਲੀ ਮੰਨੇ ਗਏ ਹਨ। ਇਨ੍ਹਾਂ ਮਹਾਂਪੁਰਸ਼ਾਂ ਨੇ ਰੂੜ੍ਹੀਵਾਦ ਦਾ ਵਿਰੋਧ ਕਰਕੇ ਮਨੁੱਖੀ ਅਤੇ ਭਾਈਚਾਰੇ ਦਾ ਪ੍ਰਚਾਰ-ਪ੍ਰਸਾਰ ਕਰਕੇ ਸਮਾਜ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਗੁਰੂ ਸਾਹਿਬ ਜੀ ਨੇ ਆਪਣੇ ਅਨੁਭਵੀ ਕਰਮ ਤੋਂ ਵਿਸ਼ਵ ਤੇ ਸਮਾਜ ਨੂੰ ਇੱਕ ਨਵਾਂ ਚਿੰਤਨ ਅਤੇ ਨਵੀਂ ਦਿਸ਼ਾ ਦਿੱਤੀ। ਸਾਡਾ ਸਾਰਿਆਂ ਦਾ ਇਹ ਫ਼ਰਜ਼ ਬਣਦੈ ਕਿ ਸਤਿਗੁਰੂ ਰਵਿਦਾਸ ਜੀ ਦੀ ਇਨਕਲਾਬੀ ਵਿਚਾਰਧਾਰਾ ਨੂੰ ਅਮਲੀ ਤੇ ਵਿਵਹਾਰਿਕ ਰੂਪ ਵਿੱਚ ਆਪਣੇ ਜੀਵਨ ਵਿੱਚ ਧਾਰਨ ਕਰਨ ਦਾ ਯਤਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਹੋ ਸਕਦੇ ਹਨ।

## ਭੀਮ ਰਾਓ ਦੇ ਕਰਤੱਵ

ਰਹਿਣਾ ਹੈ ਆਜ਼ਾਦ ਸਦਾ ਡਰਨਾ ਨਹੀਂ ਕਿਸੇ ਕੋਲੋਂ,
ਸੰਗਲ ਗੁਲਾਮੀ ਵਾਲਾ ਤੋੜਿਆ ਭੀਮ ਰਾਓ ਨੇ।

ਬੰਨ੍ਹ ਰੁੱਖਾਂ ਨਾਲ ਮਾਰਦੇ ਸੀ ਜਿਓਂਦਿਆਂ ਹੀ ਸਾੜਦੇ ਸੀ,
ਤਾਹੀਓਂ ਬੇੜਾ ਜਾਲਮਾਂ ਦਾ ਰੋਹੜਿਆ ਭੀਮ ਰਾਓ ਨੇ।

ਪੂਨਾ ਭਾਵੇਂ ਪੈਕਟ ਹੋਵੇ ਗੋਲਮੇਜ਼ ਲੰਡਨ ਵਿਚ ਹੋਵੇ,
ਮੂੰਹ ਦਰੀ ਵਾਜੀਆਂ ਦਾ ਮੋੜਿਆ ਭੀਮ ਰਾਓ ਨੇ।

ਲਿਖ ਕੇ ਵਿਘਾਨ ਸਭ ਨੂੰ ਬਰਾਬਰੀ ਦਾ ਹੱਕ ਦਿੱਤਾ,
ਭਲਾ ਸਰਬੱਤ ਵਾਲਾ ਲੋੜਿਆ ਭੀਮ ਰਾਓ ਨੇ।

ਅਗਵਾਈ ਕੀਤੀ ਕੌਮ ਦੀ ਸੀ ਭੀਮ ਰਾਓ ਸੂਰਮੇ ਨੇ,
ਮੁਰਦਾ ਦਿਲਾਂ ਦੇ ਵਿਚ ਜਾਨ ਉਹ ਸੀ ਪਾ ਗਿਆ।



ਸਦੀਆਂ ਤੋਂ ਲਤਾੜੀ ਹੋਈ ਸੀ ਭੋਜੋ ਵਾਲੀਆ ਇਹ,
ਗਿੱਦੜਾਂ ਦੀ ਕੌਮ ਨੂੰ ਉਹ ਸ਼ੇਰਾਂ ਦੀ ਬਣਾ ਗਿਆ।

**- ਅਜੀਤ ਰਾਮ**

**ਬੰਗੜ,**

## ਕਵਿਤਾ

ਹੁੰਦੇ ਨੇ ਬਹੁਤ ਉੱਚੇ ਭਾਵੇਂ ਮਹਿਲ ਚੁਬਾਰੇ।
ਕੀਮਤ 'ਚ ਨੇ ਵੱਧ ਚੜ੍ਹ ਕੇ, ਇਹ ਛੰਨਾ ਅਤੇ ਢਾਰੇ।

ਮਜ਼ਦੂਰ ਦੀ ਝੁੱਗੀ 'ਚ ਹੀ ਪਲਦੀ ਹੈ ਬਗਾਵਤ
ਕੌਮਾਂ ਦੇ ਭਵਿੱਖ ਰਲ ਕੇ ਗਰੀਬਾਂ ਨੇ ਉਸਾਰੇ।

ਲੈਂਦੀ ਹੈ ਮੁਸਾਫਰ ਨੂੰ ਕਲਾਵੇ 'ਚ ਉਹ ਵੱਧ ਕੇ,
ਹਿੰਮਤ ਦਾ ਧਨੀ ਕੋਈ ਜੇ ਮੰਜ਼ਿਲ ਨੂੰ ਪੁਕਾਰੇ,

ਹਰ ਰਾਹ ਦੀ ਠੋਕਰ ਹੈ ਸਬਕ, ਡਿਗ ਕੇ ਸੰਭਲ ਜਾ,
ਹਰ ਹਾਰ ਦੇ ਅੰਦਰ ਨੇ ਲੁਕੇ ਜਿੱਤ ਦੇ ਇਸ਼ਾਰੇ।

ਇਨਸਾਨ ਕਹਾਵਣ ਦਾ ਤਾਂ ਹੱਕ ਰੱਖਦਾ ਹੈ ਉਹੀ,
ਫੁੱਲਾਂ ਦੀ ਤਰ੍ਹਾਂ ਉਮਰ ਜੋ ਕੰਢਿਆਂ 'ਚ ਗੁਜ਼ਾਰੇ।

ਰੁੜ ਜਾਂਦੇ ਨੇ ਕੱਖਾਂ ਦੀ ਤਰ੍ਹਾਂ ਔਖ ਦੇ ਪਰਬਤ
ਰੁਕਦੇ ਨਹੀਂ ਜਜ਼ਬਾਤ ਦੇ ਵਹਿੰਦੇ ਹੋਏ ਤਾਰੇ।

ਕਿਸ਼ਤੀ ਨੂੰ ਡੁਬੋ ਦੇਣ ਦੀ ਕੋਸ਼ਿਸ਼ 'ਚ ਨੇ ਲੱਫਾਂ,
ਮਾਂਜੀ ਦਾ ਤਹੱਈਆ ਹੈਤ ਹੈ ਤਾਂ ਲਗ ਜਾਊ ਕਿਨਾਰੇ।

ਹੁਣ ਵਕਤ ਦੀ ਹੈ ਲੋੜ ਕੋਈ ਮਰਦੇ-ਮੁਜ਼ਾਹਿਦ
ਤਦਬੀਰ ਕਰੇ, ਕੌਮ ਦੀ ਤਕਦੀਰ ਸੰਵਾਰੇ।

ਖੋਹ ਜਾਂਦਾ ਏ 'ਪ੍ਰੀਤਮ' ਜਦੋਂ ਮਾਯੂਸੀਏ ਥਲ 'ਚ
ਦਰਸਾਉਂਦੇ ਨੇ ਰਸਤਾ ਤਦੋਂ ਹਿੰਮਤ ਦੇ ਸਿਤਾਰੇ।

**- ਪ੍ਰੀਤਮ ਰਾਮਦਾਸਪੁਰੀ**

## ਸੀਸ ਹਥੇਲੀ ਧਰਕੇ

ਸੀਸ ਹਥੇਲੀ ਧਰਕੇ ਆਪਾਂ, ਤੁਰ ਪਏ ਗਲੀ ਬਜ਼ਾਰਾਂ ਅੰਦਰ।
ਕਦ ਤਕ ਲੋਕੀ ਘੁਟ ਘੁਟ ਜੀਵਣ, ਕੈਦੀ ਬਣ ਦੀਵਾਰਾਂ ਅੰਦਰ,
ਦੋ ਅੱਖਾਂ ਰਖ ਕੇ ਵੀ ਸਾਥੋਂ ਇਕ ਅੱਖ ਨਾਲ ਨਾ ਤੱਕਿਆ ਜਾਏ,
ਵੈਰੀਆਂ ਦੇ ਵਿਚ ਯਾਰ ਲੱਭਣੇ, ਵੈਰੀ ਲੱਭਣੇ ਯਾਰਾਂ ਅੰਦਰ।
ਸੀਸੀ ਦੇ ਦੀਦ ਪਿਆਸੇ ਫਰਹਾਦਾਂ ਪੱਥਰੋਂ ਨੀਰ ਵਗਾ ਦੇਣਾ ਏ,
ਦਿਲ ਦੇ ਸੋਹਣੇ ਹੀ ਮਨਮੋਹਣੇ ਕੀ ਰੱਖਿਆ ਸ਼ਿੰਗਾਰਾਂ ਅੰਦਰ।
ਮੰਦਰ, ਮਸਜਿਦ, ਗਿਰਜੇ, ਗੁਰਦੁਆਰੇ ਇੱਟਾਂ ਸੀਮਿੰਟ ਸਰੀਏ ਦੇ ਨੇ,
ਧਰਮ ਉਹੀ ਜੋ ਵਧਦੇ ਫੁਲਦੇ ਤੇਰੇ ਮੇਰੇ ਕਿਰਦਾਰਾਂ ਅੰਦਰ।
ਆਓ ਸਾਰੇ ਰਲਮਿਲ ਲਿਖੀਏ ਕੰਧਾਂ 'ਤੇ, ਅਖਬਾਰਾਂ ਅੰਦਰ।
ਅੱਜ ਵੀ ਨੰਗੇ ਭੁੱਖੇ ਲੋਕੀ ਵਿਲਕ ਰਹੇ ਬਜ਼ਾਰਾਂ ਅੰਦਰ।
ਕਦ ਤੱਕ ਕੋਈ ਸਹਿੰਦਾ ਰਹਿਸੀ ਆਪਣਿਆਂ ਤੋਂ ਅਪਮਾਨ ਆਪਣਾ,
'ਚੁੰਬਰ' ਗੁਲ ਖਿਲਾਉਣਾ ਆਖਿਰ ਖਾਰਾਂ ਨੇ ਗੁਲਜ਼ਾਰਾਂ ਅੰਦਰ।



**- ਸੀ. ਐਲ. ਚੁੰਬਰ**
**(ਮੁੱਖ ਸੰਪਾਦਕ**
**'ਕੌਮੀ ਉਡਾਰੀਆਂ', ਜਲੰਧਰ)**




**Buying or Selling any Business? Call Now 916-271-5404**

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $149,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Coffee Shop for Sale
Monthly Gross Sales: $25,000
Listing Price: $150,000




7Eleven
7 Eleven Store For Sale in Antioch, CA
Listing Price: $550,000




3 Bedroom 1 Bath Home on
10 Acre Lot
Listing Price: $1,500,000




BHHS BERKSHIRE HATHAWAY HOMESERVICES
Elite Real Estate
Home Services
**BERKSHIRE HATHAWAY**




*Have you been thinking of buying Rental Properties?*

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

**OFFICE: 7412 ELSIE AVE., SACRAMENTO, CA 95828**








ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।



ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ ਦੇ ਪ੍ਰਬੰਧਕ ਅਤੇ ਮੈਂਬਰ

# ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ)

## 5025 S. CHERY AVE., FRESNO (CALIFORNIA) 93706

ਲੰਘੇ ਐਤਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਹਫਤਾਵਾਰੀ ਪ੍ਰੋਗਰਾਮਾਂ ਦੌਰਾਨ ਸੰਤ ਕ੍ਰਿਸ਼ਨ ਨਾਥ ਜੀ (ਨਾਨਕ ਨਗਰੀ, ਚਹੇੜੂ ਵਾਲੇ) ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਏ ਅਤੇ ਉਹਨਾਂ ਸੰਗਤਾਂ ਨੂੰ ਗੁਰਬਾਣੀ ਪ੍ਰਵਚਨਾਂ ਰਾਹੀਂ ਨਿਹਾਲ ਕੀਤਾ। ਸੰਗਤਾਂ ਨਾਲ ਸੰਤ ਜੀ ਦੀਆਂ ਕੁਝ ਤਸਵੀਰਾਂ।
















ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 11 ਮਾਰਚ 2018 ਦਿਨ ਐਤਵਾਰ ਨੂੰ ਸਤਿਗੁਰੂ ਰਵਿਦਾਸ ਜੀ ਦੇ 641ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 18ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

**ਕਸ਼ਮੀਰੀ ਭਾਟੀਆ ਅਤੇ ਸਮੂਹ ਭਾਟੀਆ ਪਰਿਵਾਰ**





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust








ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਭ ਤੋਂ ਪਹਿਲਾਂ ਚੰਦੜ ਪਰਿਵਾਰ ਵੱਲੋਂ ਪਰਮ ਪੂਜਨੀਕ ਸਤਿਗੁਰੂ ਰਵਿਦਾਸ ਜੀ, ਉਹਨਾਂ ਦੇ ਮਾਤਾ ਪਿਤਾ ਅਤੇ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ। ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 8 ਮਾਰਚ 2020 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।

# ਸੁੱਖ ਰਾਮ ਚੰਦੜ ਤਾਜਪੁਰੀ

## ਅਤੇ ਸਮੂਹ ਚੰਦੜ ਪਰਿਵਾਰ












Jai Ram Gaught



Harjit Gaught (Happy)

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ।

**INDIA BAZAAR**

**Cell: (209)-487-2127, Ph: (209) 478-0285, Fax: (209) 477-3206**

ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।





ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ



# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

**ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ**

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ 6, 7, 8 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 643ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 20ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਓ ਆਪਾਂ ਸਾਰੇ ਰਲ-ਮਿਲ ਕੇ ਤਿੰਨੇ ਦਿਨ ਹਾਜ਼ਰੀਆਂ ਭਰੀਏ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰੀਏ।



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵੱਲੋਂ ਸ੍ਰੀ ਗੁਰੂ ਰਵਿਦਾਸ ਪ੍ਰਭਾਤ ਫੇਰੀ ਨੂੰ ਜੀ ਆਇਆਂ ਆਖਦੇ ਅਤੇ ਧੰਨਵਾਦ ਕਰਦੇ ਹੋਏ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਮੈਂਬਰ। ਇਸ ਮੌਕੇ ਸਮੂਹ ਸੰਗਤਾਂ ਲਈ ਚਾਹ, ਪਾਣੀ ਅਤੇ ਅਤੁੱਟ ਲੰਗਰ ਵਰਤਾਏ ਗਏ।
















**ਗੁਰੂ ਘਰ ਦੇ ਸੇਵਾਦਾਰ**

ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪ੍ਰਸ਼ੋਤਮ ਸੂਦ (ਵਾਇਸ ਚੇਅਰਮੈਨ), ਸਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮਹਿੰਦਰ ਸਿੰਘ ਰੱਤੂ (ਵਾਇਸ ਪ੍ਰਧਾਨ), ਕੁਲਦੀਪ ਸਿੰਘ ਸੁੰਮਨ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਇਸ ਜਨਰਲ ਸੈਕਟਰੀ), ਜਸਵਿੰਦਰ ਸਿੰਘ (ਵਾਇਸ ਸਕੱਤਰ), ਰਾਮ ਸੇਵਕ ਭਾਟੀਆ (ਮੁੱਖ ਕੈਸ਼ੀਅਰ), ਜੱਸਪਾਲ ਜੱਸਲ (ਵਾਇਸ ਕੈਸ਼ੀਅਰ), ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ),

**Sri Guru Ravidas Temple 1480 HAYNE AVE YUBA CITY, CA, Ph- 530-674-2564**

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥





ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ



ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਦੇ 643ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 20ਵਾਂ ਮਹਾਨ ਨਗਰ ਕੀਰਤਨ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਸਜਾਇਆ ਜਾ ਰਿਹਾ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ 8 ਮਾਰਚ 2020 ਦਿਨ ਐਤਵਾਰ ਸਵੇਰੇ 11 ਵਜੇ ਤੋਂ ਸ਼ਾਮ ਤੱਕ **Shri Guru Ravidass Temple 6221 16Th Street, Rio Linda, California 95673** ਵਿਖੇ ਸਜਾਇਆ ਜਾ ਰਿਹਾ ਹੈ।

## ਪ੍ਰੋਗਰਾਮਾਂ ਦਾ ਵੇਰਵਾ

6 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਜਿਨ੍ਹਾਂ ਦੇ ਭੋਗ 8 ਮਾਰਚ ਦਿਨ ਐਤਵਾਰ ਨੂੰ ਸਵੇਰੇ 8 ਵਜੇ ਪਾਏ ਜਾਣਗੇ। 6, 7 ਅਤੇ 8 ਮਾਰਚ ਤਿੰਨੋ ਦਿਨ ਮਹਾਨ ਕੀਰਤਨ ਦੀਵਾਨ ਸਜਾਏ ਜਾਣਗੇ। ਜਿਨ੍ਹਾਂ ਵਿਚ ਭਾਈ ਸਰਬਜੀਤ ਸਿੰਘ ਰੰਗੀਲਾ ਦੁਰਗ ਵਾਲੇ, ਭਾਈ ਨਿਰਮਲ ਸਿੰਘ ਨਾਗਪੁਰੀ, ਗੁਰੂ ਘਰ ਦਾ ਹਜ਼ੂਰੀ ਰਾਗੀ ਜੱਥਾ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਕੀਰਤਨ ਨਾਲ ਨਿਹਾਲ ਕਰਨਗੇ। ਸਿੱਖ ਜਗਤ ਦੇ ਹੋਰ ਮਹਾਨ ਕੀਰਤਨੀਏ ਅਤੇ ਢਾਡੀ ਜੱਥੇ ਸੰਗਤਾਂ ਨੂੰ ਕੀਰਤਨ ਅਤੇ ਗੁਰੂ ਇਤਿਹਾਸ ਨਾਲ ਨਿਹਾਲ ਕਰਨਗੇ।

**ਸ੍ਰੀ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ 7 ਮਾਰਚ ਦਿਨ ਸ਼ਨਿਚਰਵਾਰ ਬਾਅਦ ਦੁਪਹਿਰ ਨੂੰ ਹੋਵੇਗੀ**



ਭਾਈ ਜਸਪਾਲ ਸਿੰਘ ਜੀ/ ਭਾਈ ਗੁਰਦੀਪ ਸਿੰਘ ਜੀ, ਭਾਈ ਅਮਰਜੀਤ ਸਿੰਘ ਜੀ



ਭਾਈ ਸਰਬਜੀਤ ਸਿੰਘ ਰੰਗੀਲਾ



ਭਾਈ ਨਿਰਮਲ ਸਿੰਘ ਨਾਗਪੁਰੀ



ਭਾਈ ਜਸਪਾਲ ਸਿੰਘ ਸਾਰੰਗ



ਭਾਈ ਅੰਮ੍ਰਿਤਪਾਲ ਸਿੰਘ



ਭਾਈ ਜਗਜੀਤ ਸਿੰਘ ਯੋਗੀ



ਢਾਡੀ ਸੁਖਵਿੰਦਰ ਸਿੰਘ ਗਰੇਵਾਲ

AMBEDKARTIMES

www.deshdoaba.com

ਦੇਸ਼ ਦੁਆਬਾ

ਅੰਬੇਦਕਰ ਟਾਈਮਜ਼

Sponsored by- Desh Doaba

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

ਸ੍ਰੀ ਰਾਜ ਬੱਧਨ (ਮੁੱਖ ਸੇਵਾਦਾਰ) - 916-601-3843, ਸ੍ਰੀ ਤੇਜਪਾਲ ਵਿਰਕ (ਚੇਅਰਮੈਨ) - 916-912-5678, ਸ੍ਰੀ ਇੰਦਰਜੀਤ ਪੜਬੱਗਾ (ਜਨਰਲ ਸਕੱਤਰ) - 916-276-2538

**ਸਟਾਲਾਂ ਦੀ ਬੁਕਿੰਗ ਲਈ ਸੰਪਰਕ ਕਰੋ:**

ਸ੍ਰੀ ਹਰਬੰਸ ਰੱਲੂ: 916-472-5170 / ਸ੍ਰੀ ਅਵਤਾਰ ਸਿੱਧੂ : 916-717-4223

ਗੁਰੂ ਘਰ ਦਾ ਫੋਨ ਨੰਬਰ- 916-992-1710

**For New Building Fund and all other inquiries please Contact us @ 916 992 1710**